ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ
ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਮੰਗਲਵਾਰ, 19 ਅਪ੍ਰੈਲ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)




R.N.I. Punpun/29016/2008 ✲ ਸਾਲ : 14 ✲ ਅੰਕ : 404 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



## ਕੋਰੋਨਾ ਦਾ ਕਹਿਰ ਚੀਨ ’ਚ ਜਾਰੀ

### ਘਰਾਂ ਵਿੱਚ ਕੈਦ ਹੋਏ ਕਰੋੜਾਂ ਲੋਕ

**ਬੀਜਿੰਗ/ਲੋਕ ਬਾਣੀ**:- ਚੀਨ ਦੇ ਸਭ ਤੋਂ ਵੱਡੇ ਸ਼ਹਿਰ ਅਤੇ ਗਲੋਬਲ ਵਿੱਤੀ ਹੱਬ ਸ਼ੰਘਾਈ ਵਿੱਚ ਕੋਵਿਡ-19 ਦੀ ਮੌਜੂਦਾ ਲਹਿਰ ਦੌਰਾਨ ਸੰਕਰਮਣ ਕਾਰਨ ਸੋਮਵਾਰ ਨੂੰ ਤਿੰਨ ਮੌਤਾਂ ਦਰਜ ਕੀਤੀਆਂ ਗਈਆਂ। ਚੀਨ ਦੇ ਰਾਸ਼ਟਰੀ ਸਿਹਤ ਕਮਿਸ਼ਨ ਨੇ ਸੋਮਵਾਰ ਨੂੰ ਕਿਹਾ ਕਿ ਐਤਵਾਰ ਨੂੰ ਸ਼ੰਘਾਈ ਵਿੱਚ ਕੋਵਿਡ-19 ਨਾਲ ਤਿੰਨ ਮਰੀਜ਼ਾਂ ਦੀ ਮੌਤ ਹੋ ਗਈ। ਸਾਰੇ ਮ੍ਰਿਤਕਾਂ ਦੀ ਉਮਰ 89 ਤੋਂ 91 ਸਾਲ ਦੱਸੀ ਜਾ ਰਹੀ ਹੈ ਅਤੇ ਤਿੰਨਾਂ ਨੇ ਵੈਕਸੀਨ ਦੀ ਇੱਕ ਵੀ ਖੁਰਾਕ ਨਹੀਂ ਲਗਵਾਈ ਸੀ। ਲਗਭਗ 2.6 ਕਰੋੜ ਦੀ ਆਬਾਦੀ ਵਾਲੇ ਸ਼ੰਘਾਈ ਵਿੱਚ ਕੋਰੋਨਾ ਵਾਇਰਸ ਦੇ ਓਮੀਕਰੋਨ ਰੂਪ ਕਾਰਨ ਸੰਕਰਮਿਤਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ।

ਹਾਂਗਕਾਂਗ ਤੋਂ ਪ੍ਰਕਾਸ਼ਿਤ ਸਾਊਥ ਚਾਈਨਾ ਮਾਰਨਿੰਗ ਪੋਸਟ ਦੀ ਰਿਪੋਰਟ ਦੇ ਅਨੁਸਾਰ 1 ਮਾਰਚ ਤੋਂ ਚੀਨ ਵਿੱਚ ਕੋਵਿਡ-19 ਦੇ 3,72,000 ਮਾਮਲਿਆਂ ਦੀ ਪੁਸ਼ਟੀ ਹੋਈ ਹੈ। ਐਤਵਾਰ ਨੂੰ ਚੀਨ @ਚ ਕੋਰੋਨਾ ਵਾਇਰਸ ਇਨਫੈਕਸ਼ਨ ਦੇ 2,723 ਨਵੇਂ ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ @ਚੋਂ ਸਿਰਫ ਸ਼ੰਘਾਈ @ਚ 2,417 ਨਵੇਂ ਮਾਮਲੇ ਸਾਹਮਣੇ ਆਏ। ਨੈਸ਼ਨਲ ਹੈਲਥ ਕਮਿਸ਼ਨ ਦੇ ਅਨੁਸਾਰ, ਐਤਵਾਰ ਨੂੰ ਚੀਨ ਵਿੱਚ ਸਥਾਨਕ ਕੋਰੋਨਾ ਵਾਇਰਸ ਦੇ ਸੰਕਰਮਣ ਦੇ 20,639 ਮਾਮਲਿਆਂ ਦੀ ਪੁਸ਼ਟੀ ਹੋਈ, ਜਿਨ੍ਹਾਂ ਵਿੱਚ ਬਿਮਾਰੀ ਦੇ ਕੋਈ ਲੱਛਣ ਮੌਜੂਦ ਨਹੀਂ ਸਨ। ਸ਼ੰਘਾਈ ਦੀ ਸਥਾਨਕ ਸਰਕਾਰ ਨੇ ਐਤਵਾਰ ਨੂੰ ਸ਼ਹਿਰ ਵਿੱਚ ਉਤਪਾਦਨ ਯੂਨਿਟਾਂ ਨੂੰ ਮੁੜ ਚਾਲੂ ਕਰਨ ਲਈ ਉਦਯੋਗਿਕ ਉੱਦਮਾਂ ਲਈ ਨਵੇਂ ਕੋਵਿਡ-19 ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਇਸ ਦੌਰਾਨ, ਸ਼ੰਘਾਈ ਵਿੱਚ ਕਈ ਦਿਨਾਂ ਤੋਂ ਲੋਕ ਤਾਲਾਬੰਦੀ ਸਮੇਤ ਕੋਵਿਡ-19 ਨਾਲ ਜੁੜੀਆਂ ਪਾਬੰਦੀਆਂ ਦਾ ਸਖ਼ਤੀ ਨਾਲ ਪਾਲਣ ਕਰ ਰਹੇ ਹਨ।

## ਤਾਲਾਬੰਦੀ ਦੌਰਾਨ ਕਈ ਪ੍ਰੋਗਰਾਮ ਵਿੱਚ ਗਏ ਜਾਨਸਨ ਵਧੀਆ ਮੁਸ਼ਕਲਾਂ



**ਲੰਡਨ/ਲੋਕ ਬਾਣੀ**:- ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ @ਤੇ ਸੋਮਵਾਰ ਨੂੰ ਇਕ ਵਾਰ ਫਿਰ ਨਿਯਮਾਂ ਦੀ ਉਲੰਘਣਾ ਕਰਨ ਅਤੇ ਕੋਰੋਨਾ ਵਾਇਰਸ ਤਾਲਾਬੰਦੀ ਦੌਰਾਨ ਕਈ ਪਾਰਟੀਆਂ ਵਿਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ। ਮਹਾਮਾਰੀ @ਤੇ ਕਾਬੂ ਪਾਉਣ ਲਈ ਲਗਾਈ ਗਈ ਤਾਲਾਬੰਦੀ ਦੌਰਾਨ ਲੋਕਾਂ ਦੇ ਇਕੱਠੇ ਹੋਣ @ਤੇ ਪਾਬੰਦੀ ਸੀ। ਜਾਨਸਨ ਵੀਰਵਾਰ ਨੂੰ ਭਾਰਤ ਦੌਰੇ @ਤੇ ਰਵਾਨਾ ਹੋਣ ਵਾਲੇ ਹਨ ਅਤੇ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਅਜਿਹੇ ਦੋਸ਼ਾਂ ਤੋਂ ਕੁਝ ਰਾਹਤ ਮਿਲਣ ਦੀ ਉਮੀਦ ਹੈ। ਜਾਨਸਨ ਨੂੰ ਅਜਿਹੀ ਪਾਰਟੀ ਆਯੋਜਿਤ ਕਰਨ ਲਈ ਪਹਿਲਾਂ ਹੀ ਜੁਰਮਾਨਾ ਲਗਾਇਆ ਜਾ ਚੁੱਕਾ ਹੈ। ਜੂਨ 2020 ਵਿੱਚ ਉਹਨਾਂ ਦੇ ਜਨਮਦਿਨ @ਤੇ ਉਹਨਾਂ ਦੀ ਪਤਨੀ ਕੈਰੀ ਕੈਬਨਿਟ ਰੂਮ ਵਿੱਚ ਇੱਕ ਕੇਕ ਲੈ ਕੇ ਆਈ। ਬ੍ਰਿਟੇਨ ਦੇ ਵਿੱਤ ਮੰਤਰੀ ਰਿਸ਼ੀ ਸੁਨਕ @ਤੇ ਅਜਿਹੀ ਪਾਰਟੀ ਲਈ ਜੁਰਮਾਨਾ ਲਗਾਇਆ ਗਿਆ ਹੈ। ਯੂਕੇ ਮੀਡੀਆ ਦੇ ਅਨੁਸਾਰ ਪੁਲਸ ਤਾਲਾਬੰਦੀ ਦੌਰਾਨ ਆਯੋਜਿਤ 12 ਪਾਰਟੀਆਂ ਦੀ ਜਾਂਚ ਕਰ ਰਹੀ ਹੈ ਅਤੇ ਮੰਨਿਆ ਜਾਂਦਾ ਹੈ ਕਿ ਜਾਨਸਨ ਉਨ੍ਹਾਂ 12 ਤਾਲਾਬੰਦੀ ਪਾਰਟੀਆਂ ਵਿੱਚੋਂ ਲਗਭਗ ਛੇ ਨਾਲ ਜੁੜੇ ਹੋਏ ਸਨ। @ਦਿ ਸੰਡੇ ਟਾਈਮਜ਼@ ਨੇ ਇੱਕ ਸਰੋਤ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਕਿ ਜਾਨਸਨ ਕਥਿਤ ਤੌਰ @ਤੇ ਨਵੰਬਰ 2020 ਵਿੱਚ 10 ਡਾਊਨਿੰਗ ਸਟ੍ਰੀਟ ਦੇ ਬਾਹਰ ਜਾਣ ਵਾਲੇ ਸੰਚਾਰ ਨਿਰਦੇਸ਼ਕ ਲੀ ਕੈਨ ਲਈ ਇੱਕ ਪਾਰਟੀ ਦੀ ਮੇਜ਼ਬਾਨੀ ਕਰਨ ਵਿੱਚ ਸ਼ਾਮਲ ਸਨ। ਨਵੇਂ ਦੋਸ਼ਾਂ ਤੋਂ ਬਾਅਦ ਵਿਰੋਧੀ ਧਿਰ ਨੇ 57 ਸਾਲਾ ਜਾਨਸਨ ਤੋਂ ਅਹੁਦਾ ਛੱਡਣ ਦੀ ਮੰਗ ਤੇਜ਼ ਕਰ ਦਿੱਤੀ ਹੈ। ਲੇਬਰ ਡਿਪਟੀ ਲੀਡਰ ਐਂਜੇਲਾ ਰੇਨਰ ਨੇ ਕਿਹਾ ਕਿ ਜੇਕਰ ਨਵੀਆਂ ਰਿਪੋਰਟਾਂ ਸਹੀ ਹਨ, ਤਾਂ ਇਸਦਾ ਮਤਲਬ ਇਹ ਹੈ ਕਿ ਪ੍ਰਧਾਨ ਮੰਤਰੀ ਨੇ ਨਾ ਸਿਰਫ਼ ਅਜਿਹੀਆਂ ਪਾਰਟੀਆਂ ਵਿੱਚ ਹਿੱਸਾ ਲਿਆ, ਸਗੋਂ ਉਹਨਾਂ ਵਿੱਚੋਂ ਘੱਟੋ-ਘੱਟ ਇੱਕ ਨੂੰ ਸੰਗਠਿਤ ਕਰਨ ਵਿੱਚ ਵੀ ਮੁੱਖ ਭੂਮਿਕਾ ਵੀ ਨਿਭਾਈ।

## ਦਿੱਲੀ ਸਣੇ ਲਖਨਊ ’ਚ ਮਾਸਕ ਪਾਉਣਾ ਜ਼ਰੂਰੀ ਹੋਇਆ



**ਦਿੱਲੀ/ਕਪੂਰ**:- ਉਤਰ ਪ੍ਰਦੇਸ਼ ਸਰਕਾਰ ਨੇ ਸੂਬੇ ਦੀ ਰਾਜਧਾਨੀ ਦੀਆਂ ਜਨਤਕ ਥਾਵਾਂ ’ਤੇ ਹਰ ਇਕ ਲਈ ਮਾਸਕ ਪਾਉਣਾ ਜ਼ਰੂਰੀ ਕਰ ਦਿੱਤਾ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਸੂਬੇ ਵਿਚ ਉਨ੍ਹਾਂ ਲੋਕਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਜਿਨ੍ਹਾਂ ਨੇ ਹਾਲੇ ਤਕ ਕਰੋਨਾ ਰੋਕੂ ਟੀਕੇ ਨਹੀਂ ਲਗਵਾਏ। ਇਸ ਤੋਂ ਇਲਾਵਾ ਦਿੱਲੀ ਵਿਚ ਕਰੋਨਾ ਦੇ ਲਗਾਤਾਰ ਵਧ ਰਹੇ ਕੇਸਾਂ ਕਾਰਨ ਐਨਸੀਆਰ ਦੇ ਛੇ ਜ਼ਿਲ੍ਹਿਆਂ ਵਿਚ ਮਾਸਕ ਪਾਉਣ ਦੇ ਹੁਕਮ ਦਿੱਤੇ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਗੌਤਮ ਬੁੱਧ ਨਗਰ, ਗਾਜ਼ੀਆਬਾਦ, ਮੇਰਠ, ਬੁਲੰਦਸ਼ਹਿਰ, ਬਾਗਪਤ ਤੇ ਰਾਜਧਾਨੀ ਲਖਨਊ ਵਿਚ ਜਨਤਕ ਥਾਵਾਂ ’ਤੇ ਮਾਸਕ ਨਾ ਪਾਉਣ ਵਾਲਿਆਂ ਦੇ ਚਾਲਾਨ ਕੀਤੇ ਜਾਣਗੇ।

## ਦਰਦ ਨਾਕ ਸੜਕ ਹਾਦਸੇ ਕਾਰਨ ਪੰਜ ਦੀ ਮੌਤ



**ਘਨੌਲੀ/ਲੋਕ ਬਾਣੀ**

ਇੱਥੇ ਘਨੌਲੀ-ਰੂਪਨਗਰ ਨੈਸ਼ਨਲ ਹਾਈਵੇਅ ’ਤੇ ਪਿੰਡ ਅਹਿਮਦਪੁਰ ਨੇੜੇ ਪ੍ਰਾਈਵੇਟ ਬੱਸ ਦੀ ਟੱਕਰ ਕਾਰਨ ਇਕ ਕਾਰ ਭਾਖੜਾ ਨਹਿਰ ਵਿਚ ਡਿੱਗ ਗਈ। ਪੁਲੀਸ ਵੱਲੋਂ ਗੋਤਾਖੋਰਾਂ ਦੀ ਮਦਦ ਨਾਲ ਨਹਿਰ ਵਿੱਚ ਡਿੱਗੀ ਕਾਰ ਨੂੰ ਬਰਾਮਦ ਕਰ ਲਿਆ ਗਿਆ ਹੈ ਜਿਸ ਵਿਚੋਂ ਪੰਜ ਜਣਿਆਂ ਦੀਆਂ ਮ੍ਰਿਤਕ ਦੇਹਾਂ ਮਿਲੀਆਂ ਹਨ ਜਿਨ੍ਹਾਂ ਵਿਚ ਦੋ ਔਰਤਾਂ, ਦੋ ਪੁਰਸ਼ ਤੇ ਇਕ ਬੱਚਾ ਸ਼ਾਮਲ ਹੈ। ਪੁਲੀਸ ਨੂੰ ਇਨ੍ਹਾਂ ਤੋਂ ਇਲਾਵਾਂ ਇਕ ਛੋਟੇ ਬੱਚੇ ਦੀਆਂ ਚੱਪਲਾਂ ਵੀ ਮਿਲੀਆਂ ਹਨ ਜਿਸ ਕਾਰਨ ਮ੍ਰਿਤਕਾਂ ਦੀ ਗਿਣਤੀ ਵਧ ਸਕਦੀ ਹੈ। ਕਾਰ ਰਾਜਸਥਾਨ ਨੰਬਰ ਦੀ ਹੋਣ ਦੀ ਪੁਸ਼ਟੀ ਹੋਈ ਹੈ।

## ਪੁਲਿਸ ਟੀਮ ਤੇ ਜਹਾਂਗੀਰ ਵਿੱਚ ਹੋਇਆ ਪਥਰਾਅ

**ਨਵੀਂ ਦਿੱਲੀ/ਲੋਕ ਬਾਣੀ**:- ਜਹਾਂਗੀਰਪੁਰੀ ਹਿੰਸਾ ਮਾਮਲੇ ਵਿਚ ਜਾਂਚ ਕਰਨ ਲਈ ਦਿੱਲੀ ਕਰਾਈਮ ਬਰਾਂਚ ਦੀ ਟੀਮ ’ਤੇ ਅੱਜ ਕੁਝ ਲੋਕਾਂ ਨੇ ਪਥਰਾਅ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਪੁਲੀਸ ਵੀਡੀਓ ਦੇ ਆਧਾਰ ’ਤੇ ਸੋਨਾ ਚਿਕਨਾ ਦੇ ਘਰ ਉਸ ਦੀ ਪਤਨੀ ਤੋਂ ਪੁੱਛਗਿੱਛ ਕਰਨ ਗਈ ਸੀ ਕਿ ਛੱਤ ਤੋਂ ਕੁਝ ਜਣਿਆਂ ਨੇ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ। ਪੁਲੀਸ ਨੇ ਪਥਰਾਅ ਕਰਨ ਵਾਲਿਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਡੀਸੀਪੀ ਅਨੁਸਾਰ ਘਟਨਾ ਤੋਂ ਬਾਅਦ ਉਥੇ ਆਰਏਐਫ ਟੀਮ ਤਾਇਨਾਤ ਕਰ ਦਿੱਤੀ ਗਈ ਤੇ ਇਸ ਵੇਲੇ ਹਾਲਾਤ ਕਾਬੂ ਹੇਠ ਹਨ। ਦਿੱਲੀ ਪੁਲੀਸ ਕਮਿਸ਼ਨਰ ਰਾਕੇਸ਼ ਅਸਥਾਨਾ ਨੇ ਕਿਹਾ ਕਿ ਹੁਣ ਤਕ ਇਸ ਮਾਮਲੇ ਸਬੰਧੀ 23 ਜਣਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸ ਹਿੰਸਾ ਨਾਲ ਹੁਣ ਤਕ ਸੌ ਦੇ ਕਰੀਬ ਵੀਡੀਓ ਸਾਹਮਣੇ ਆਏ ਹਨ।



## ਆਈਪੀਐਲ ਦੀ ਪੂਰੀ ਟੀਮ ਇਕਾਂਤਵਾਸ ’ਚ

**ਦਿੱਲੀ/ਕਪੂਰ**: ਆਈਪੀਐਲ 2022 ਵਿਚ ਕਰੋਨਾ ਦਾ ਖਤਰਾ ਮੰਡਰਾਉਣ ਲੱਗਾ ਹੈ। ਦਿੱਲੀ ਕੈਪੀਟਲਜ਼ ਦਾ ਪਹਿਲਾਂ ਫਿਜ਼ੀਓ ਕਰੋਨਾ ਪਾਜ਼ੇਟਿਵ ਆਇਆ ਸੀ ਪਰ ਹੁਣ ਇਕ ਹੋਰ ਖਿਡਾਰੀ ਦੀ ਕਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ ਜਿਸ ਕਰਕੇ ਦਿੱਲੀ ਕੈਪੀਟਲ ਟੀਮ ਨੂੰ ਪੁਣੇ ਜਾਣ ਤੋਂ ਰੋਕ ਦਿੱਤਾ ਗਿਆ ਹੈ ਤੇ ਪੂਰੀ ਟੀਮ ਨੂੰ ਮੁੰਬਈ ਵਿਚ ਹੀ ਇਕਾਂਤਵਾਸ ਕਰ ਦਿੱਤਾ ਗਿਆ ਹੈ। ਦਿੱਲੀ ਦਾ ਅਗਲਾ ਮੈਚ ਪੰਜਾਬ ਕਿੰਗਜ਼ ਇਲੈਵਨ ਨਾਲ 20 ਅਪਰੈਲ ਨੂੰ ਹੋਣਾ ਹੈ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਕਰੋਨਾ ਦੇ ਵਧਦੇ ਕੇਸਾਂ ਦੇ ਮੱਦੇਨਜ਼ਰ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਮਾਸਕ ਪਾਉਣ ਦੀ ਸਲਾਹ

ਕੋਰੋਨਾ ਦਾ ਖਤਰਾ ਇਕ ਵਾਰ ਫਿਰ ਵਧਣ ਲੱਗਾ ਹੈ। ਖਾਸ ਕਰਕੇ ਦਿੱਲੀ ਵਿਚ ਕੋਰੋਨਾ ਦੇ ਨਵੇਂ ਕੇਸਾਂ ਵਿਚ ਇਕਦਮ ਵਾਧਾ ਸ਼ੁਰੂ ਹੋ ਗਿਆ ਹੈ। ਜਿਸ ਪਿੱਛੋਂ ਹੋਰਾਂ ਸੂਬਿਆਂ ਨੇ ਵੀ ਚੌਕਸੀ ਵਰਤਣੀ ਸ਼ੁਰੂ ਕਰ ਦਿੱਤੀ ਹੈ।

ਮੌਜੂਦਾ ਹਾਲਾਤ ਦੇ ਮੱਦੇਨਜ਼ਰ ਚੰਡੀਗੜ੍ਹ ਪ੍ਰਸ਼ਾਸਨ ਨੇ ਭੀੜ ਵਾਲੀਆਂ ਥਾਵਾਂ ਉਤੇ ਮਾਸਕ ਪਾਉਣ ਸਬੰਧੀ ਸਲਾਹ ਜਾਰੀ ਕੀਤੀ ਹੈ। ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਹੁਕਮਾਂ ਵਿਚ ਆਖਿਆ ਗਿਆ ਹੈ ਕਿ ਕੁਝ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਕੋਵਿਡ ਦੇ ਕੇਸਾਂ ਦੀ ਵਧਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਯੂਟੀ ਚੰਡੀਗੜ੍ਹ ਦੇ ਸਾਰੇ ਵਸਨੀਕਾਂ ਨੂੰ ਭੀੜ ਵਾਲੀਆਂ ਥਾਵਾਂ @ਤੇ ਚਿਹਰੇ ਉਤੇ



ਮਾਸਕ ਪਹਿਨਣ ਦੀ ਸਲਾਹ ਦਿੱਤੀ ਜਾਂਦੀ ਹੈ।

ਮਾਸਕ ਪਹਿਨਣ ਨੂੰ ਖਾਸ ਤੌਰ @ਤੇ ਬੰਦ ਵਾਤਾਵਰਨ ਵਿੱਚ ਯਕੀਨੀ ਬਣਾਉਣ ਦੀ ਲੋੜ ਹੈ। ਪ੍ਰਸ਼ਾਸਨ ਮੁਕਾਬਕ ਜਨਤਕ ਆਵਾਜਾਈ (ਬੱਸਾਂ, ਰੇਲਗੱਡੀਆਂ, ਹਵਾਈ ਜਹਾਜ਼ ਅਤੇ ਟੈਕਸੀ ਆਦਿ) ਵਿੱਚ ਪੂਰੀ ਯਾਤਰਾ ਦੌਰਾਨ, ਸਿਨੇਮਾ ਹਾਲਾਂ, ਸ਼ਾਪਿੰਗ ਮਾਲਾਂ ਅਤੇ ਡਿਪਾਰਟਮੈਂਟਲ ਸਟੋਰਾਂ ਆਦਿ ਦੇ ਅੰਦਰ ਠਹਿਰਣ ਦੌਰਾਨ ਅਤੇ ਕਲਾਸ ਰੂਮਾਂ, ਦਫਤਰ-ਕਮਰਿਆਂ, ਅੰਦਰੂਨੀ ਇਕੱਠਾਂ ਦੇ ਅੰਦਰ ਠਹਿਰਣ ਦੌਰਾਨ ਮਾਸਕ ਦੀ ਵਰਤੋਂ ਕੀਤੀ ਜਾਵੇ।

ਦੱਸ ਦਈਏ ਕਿ ਅਜੇ ਕੁੱਝ ਦਿਨ ਪਹਿਲਾਂ ਹੀ ਪ੍ਰਸ਼ਾਸਨ ਨੇ ਮਾਸਕ ਦੇ ਮਾਮਲੇ ਵਿਚ ਰਿਆਇਤ ਦਿੱਤੀ ਸੀ। ਹੁਣ ਕੋਰੋਨਾ ਦੇ ਵਧਦੇ ਕੇਸਾਂ ਦੇ ਮੱਦੇਨਜ਼ਰ ਫੈਸਲਾ ਲਿਆ ਗਿਆ ਹੈ। ਦੱਸ ਦਈਏ ਕਿ ਦੇਸ਼ ਦੇ ਕਈ ਖੇਤਰਾਂ ਵਿਚ ਕਰੋਨਾ ਮਾਮਲੇ ਹੌਲੀ ਹੌਲੀ ਵਧ ਰਹੇ ਹਨ। ਅੱਜ ਕਰੋਨਾ ਦੇ ਨਵੇਂ 2183 ਕੇਸ ਸਾਹਮਣੇ ਆਏ ਹਨ। ਇਥੇ ਪਿਛਲੇ ਚੌਵੀ ਘੰਟਿਆਂ ਵਿਚ 214 ਮੌਤਾਂ ਹੋਈਆਂ ਹਨ। ਕੇਂਦਰੀ ਸਿਹਤ ਮੰਤਰਾਲੇ ਵਲੋਂ ਲੋਕਾਂ ਨੂੰ ਕਰੋਨਾ ਸਾਵਧਾਨੀਆਂ ਦਾ ਪਾਲਣ ਕਰਨ ਲਈ ਕਿਹਾ ਗਿਆ ਹੈ।

## ਪੀ.ਆਰ.ਟੀ.ਸੀ. ਦੀ ਬੱਸ ਨੇ 4 ਸਕੂਲੀ ਵਿਦਿਆਰਥਣਾਂ ਨੂੰ ਦਰੜਿਆ

**ਸੰਗਰੂਰ/ਲੋਕ ਬਾਣੀ**

ਸੰਗਰੂਰ - ਦਿੱਲੀ ਮਾਰਗ ਸਥਿਤ ਮਹਿਲਾਂ ਚੌਂਕ ਵਿਖੇ ਪੀ.ਆਰ.ਟੀ.ਸੀ. ਦੀ ਬੱਸ ਵਲੋਂ 4 ਸਕੂਲੀ ਵਿਦਿਆਰਥਣਾਂ ਨੂੰ ਦਰੜਨ ਦੇ ਚੱਲਦਿਆਂ ਇਕ ਵਿਦਿਆਰਥਣ ਦੀ ਮੌਤ ਹੋਣ ਦੀ ਮੰਦਭਾਗੀ ਖ਼ਬਰ ਮਿਲੀ ਹੈ। ਜਾਣਕਾਰੀ ਮੁਤਾਬਿਕ ਮ੍ਰਿਤਕ ਅਮਨਦੀਪ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਚੌਂਕ ਵਿਖੇ ਸੱਤਵੀਂ ਕਲਾਸ ਦੀ ਵਿਦਿਆਰਥਣ ਸੀ ।

# ਕਸਬਾ ਸ਼ੇਰਪੁਰ ’ਚ ਸੁਨਿਆਰਾ ਭਾਈਚਾਰੇ ਦੀ ਮੁਸਤੈਦੀ ਕਾਰਨ ਨਕਲੀ ਚਾਂਦੀ ਵੇਚਣ ਵਾਲੀ ਇਕ ਔਰਤ ਕਾਬੂ

**ਸ਼ੇਰਪੁਰ/ਹਰਜੀਤ ਕਾਤਿਲ:-** ਸਥਾਨਕ ਕਸਬਾ ਸ਼ੇਰਪੁਰ ਵਿਖੇ ਨਕਲੀ ਚਾਂਦੀ ਵੇਚਣ ਵਾਲੀ ਇਕ ਔਰਤ ਨੂੰ ਪੁਲਿਸ ਪ੍ਰਸਾਸਨ ਵੱਲੋਂ ਕਾਬੂ ਕੀਤਾ ਗਿਆ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਨੇ ਦੱਸਿਆ ਕਿ ਅੱਜ ਕਸਬਾ ਸ਼ੇਰਪੁਰ ਦੇ ਦੁਕਾਨਦਾਰ ਜਗਦੰਬੇ ਜ਼ਿਊਲਰਜ਼, ਮਨਦੀਪ ਖੀਪਲ ਤੇ ਗੁਰਜੇਤ ਸਿੰਘ ਨੇ ਸ਼ੇਰਪੁਰ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਉਨ੍ਹਾਂ ਦੀ ਦੁਕਾਨ ਉੱਪਰ ਦੋ ਨਾਮਾਲੂਮ ਔਰਤਾਂ ਨਕਲੀ ਚਾਂਦੀ ਵੇਚਕੇ ਗਈਆਂ ਹਨ ,ਦੁਕਾਨਦਾਰਾ ਨੂੰ ਨਕਲੀ ਚਾਦੀ ਹੋਣ ਦਾ ਸ਼ੱਕ ਜ਼ਾਹਰ ਹੋਇਆ ਤਾਂ ਉਨ੍ਹਾਂ ਇਸ ਸੰਬੰਧੀ ਥਾਣਾ ਸ਼ੇਰਪੁਰ ਪੁਲਸ ਨੂੰ ਸੂਚਿਤ ਕੀਤਾ । ਜਿਸ ਤੇ ਸੇਰਪੁਰ ਪੁਲਸ ਪ੍ਰਸ਼ਾਸਨ ਵੱਲੋਂ ਮੌਕੇ ਉਪਰ ਇਕ ਔਰਤ ਨੂੰ ਕਾਬੂ ਕੀਤਾ ਗਿਆ ਹੈ। ਥਾਣਾ ਮੁਖੀ ਨੇ ਅੱਗੇ ਦੱਸਿਆ ਕਿ ਇਸ ਸਬੰਧੀ ਧੋਖਾਧੜੀ ਤਹਿਤ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ । ਜ਼ਿਕਰਯੋਗ ਹੈ ਕਿ ਦੁਕਾਨਦਾਰਾਂ ਅਨੁਸਾਰ ਨਕਲੀ ਚਾਂਦੀ ਦਾ ਵਜ਼ਨ 250 ਗ੍ਰਾਮ ਦੇ ਕਰੀਬ ਹੈ । ਜਿਸਦੀ ਅੰਦਾਜ਼ਨ ਬਾਜ਼ਾਰ ਕੀਮਤ 20000 ਦੇ ਲਗਪਗ ਬਣਦੀ ਹੈ । ਨਕਲੀ ਚਾਂਦੀ ਵੇਚਣ ਵਾਲੀ ਔਰਤ ਮਾਛੀਵਾੜਾ ਦੀ ਦੱਸੀ ਜਾ ਰਹੀ ਹੈ।



# ਮੋਗਾ ’ਚ ਫਿਰ ਵੱਡੀ ਵਾਰਦਾਤ, ਸ਼ਰੇਆਮ ਹਾਈਵੇ ’ਤੇ ਨੌਜਵਾਨ ਦਾ ਕਤਲ

ਮੋਗਾ/ਲੋਕ ਬਾਣੀ:- ਮੋਗਾ-ਬਰਨਾਲਾ ਨੈਸ਼ਨਲ ਹਾਈਵੇ ’ਤੇ ਪਿੰਡ ਬੌਡੇ ਨਜ਼ਦੀਕ ਪੈਟਰੋਲ ਪੰਪ ਦੇ ਕਰਿੰਦੇ ਦਾ ਲੰਘੀਂ ਰਾਤ ਕਤਲ ਕਰਨ ਦਾ ਮਾਮਲਾ ਸਾਮਣੇ ਆਇਆ ਹੈ। ਪੁਲਸ ਤੋਂ ਮਿਲੀ ਜਾਣਕਾਰੀ ਮੁਤਾਬਕ ਪਿੰਡ ਬੌਡੇ ਦਾ ਨੌਜਵਾਨ ਜੋਗਿੰਦਰ ਸਿੰਘ ਪੈਟਰੋਲ ਪੰਪ ’ਤੇ ਕੰਮ ਕਰਦਾ ਸੀ ਜਿਸ ਦਾ ਬੀਤੀ ਰਾਤ ਅਣਪਛਾਤਿਆਂ ਵੱਲੋਂ ਬੇਸਬੈਟ ਮਾਰ ਕੇ ਕਤਲ ਕਰ ਦਿੱਤਾ ਗਿਆ। ਘਟਨਾ ਸਥਾਨ ’ਤੇ ਪਹੁੰਚੀ ਥਾਣਾ ਬੱਧਨੀ ਕਲਾਂ ਦੀ ਪੁਲਸ ਜਾਂਚ ’ਚ ਜੁਟ ਗਈ ਹੈ। ਫਿਲਹਾਲ ਕਤਲ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਹ ਘਟਨਾ ਲੁੱਟ ਦੀ ਵੀ ਹੋ ਸਕਦੀ ਹੈ। ਉਧਰ ਡੀ. ਐੱਸ. ਪੀ. ਸਰਫਰਾਜ ਆਲਮ ਨੇ ਦੱਸਿਆ ਕਿ ਇਹ ਘਟਨਾ ਰਾਤ 11 ਵਜੇ ਦੇ ਕਰੀਬ ਦੀ ਹੈ ।

ਉਨ੍ਹਾਂ ਕਿਹਾ ਕਿ ਦੋ ਅਣਪਛਾਤੇ ਵਿਅਕਤੀ ਪੈਟਰੋਲ ਪੰਪ ’ਤੇ ਬੋਤਲ ਵਿਚ ਤੇਲ ਪੁਆਉਣ ਲਈ ਆਏ ਸਨ ਪਰ ਪੰਪ ਕਰਿੰਦਿਆਂ ਵੱਲੋਂ ਬੋਤਲ ਵਿਚ ਤੇਲ ਪਾਉਣ ਤੋਂ ਇਨਕਾਰ ਕਰ ਦਿੱਤਾ। ਬਾਅਦ ਵਿਚ ਦੋ ਵਿਅਕਤੀ ਪੰਪ ’ਤੇ ਆਏ ਜਿਨ੍ਹਾਂ ਕਰਿੰਦੇ ਦਾ ਕਤਲ ਕਰ ਦਿੱਤਾ। ਡੀ. ਐੱਸ. ਪੀ ਨੇ ਦੱਸਿਆ ਕਿ ਮੁਲਜ਼ਮ ਆਈ 20 ਕਾਰ ’ਤੇ ਸਵਾਰ ਹੋ ਕੇ ਆਏ ਸਨ। ਉਨ੍ਹਾਂ ਕਿਹਾ ਪੁਲਸ ਵੱਲੋਂ ਸੀ. ਸੀ. ਟੀ. ਵੀ. ਕੈਮਰੇ ਚੈੱਕ ਕੀਤੇ ਜਾ ਰਹੇ ਹਨ ਅਤੇ ਜਲਦੀ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਜਲੰਧਰ ’ਚ ਹੈਰਾਨ ਕਰਦੀ ਘਟਨਾ, ਕੁੜੀ ਨਾਲ ਗੈਂਗਰੇਪ ਤੋਂ ਬਾਅਦ ਬਣਾਈ ਵੀਡੀਓ



**ਜਲੰਧਰ/ਲੋਕ ਬਾਣੀ**

ਥਾਣਾ ਲਾਂਬੜਾ ਦੇ ਪਿੰਡ ਨਾਹਲਾਂ ਨੇੜੇ 20 ਸਾਲਾ ਕੁੜੀ ਨਾਲ ਗੈਂਗਰੇਪ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਕੁੜੀ ਨਾਲ ਗੈਂਗਰੇਪ ਲਗਭਗ 3 ਮਹੀਨੇ ਪਹਿਲਾਂ ਹੋਇਆ ਪਰ ਇਹ ਗੱਲ ਉਦੋਂ ਸਾਹਮਣੇ ਆਈ ਜਦੋਂ ਉਕਤ ਕੁੜੀ ਗਰਭਵਤੀ ਹੋ ਗਈ। ਗੈਂਗਰੇਪ ਤੋਂ ਬਾਅਦ ਕੁੜੀ ਦੀ ਮੋਬਾਇਲ ਫ਼ੋਨ ਨਾਲ ਵੀਡੀਓ ਵੀ ਬਣਾਈ ਗਈ ਅਤੇ ਲਗਾਤਾਰ ਬਲੈਕਮੇਲ ਕਰਕੇ ਉਸ ਨੂੰ ਦੋਸ਼ੀ ਮੁੜ ਹਵਸ ਦਾ ਸ਼ਿਕਾਰ ਬਣਾਉਂਦੇ ਰਹੇ। ਪੀੜਤਾ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ ਕਿ ਜੇਕਰ ਉਸ ਨੇ ਇਹ ਗੱਲ ਕਿਸੇ ਨੂੰ ਦੱਸੀ ਤਾਂ ਉਹ ਉਸ ਦੇ ਪਿਤਾ ਨੂੰ ਜਾਨੋਂ ਮਾਰ ਦੇਣਗੇ। ਘਟਨਾ ਦਾ ਖ਼ੁਲਾਸਾ ਉਦੋਂ ਹੋਇਆ ਜਦੋਂ ਕੁੜੀ ਗਰਭਵਤੀ ਹੋ ਗਈ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸਾਰੀ ਗੱਲ ਪਤਾ ਲੱਗੀ। ਲੜਕੀ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਦਕਿ ਥਾਣਾ ਲਾਂਬੜਾ ਦੀ ਪੁਲਸ ਨੇ ਕੁੜੀ ਦੇ ਬਿਆਨ ਦਰਜ ਕੀਤੇ।

ਜਾਣਕਾਰੀ ਮੁਤਾਬਕ ਲਗਭਗ 20 ਸਾਲਾ ਕੁੜੀ ਪਿੰਡ ’ਚ ਪੱਠੇ ਲੈਣ ਜਾ ਰਹੀ ਸੀ ਕਿ ਰਸਤੇ ’ਚ ਇਕ ਔਰਤ ਨੇ ਆਵਾਜ਼ ਮਾਰ ਕੇ ਉਸ ਨੂੰ ਚਾਹ ਪੀਣ ਲਈ ਕਿਹਾ। ਕੁੜੀ ਉਕਤ ਔਰਤ ਦੀ ਝੌਂਪੜੀ ’ਚ ਚਾਹ ਪੀਣ ਚਲੀ ਗਈ। ਇਸੇ ਦੌਰਾਨ ਉਸ ਦੇ ਜਾਣਕਾਰ ਜੂਹਰੀ, ਲੰਬੜੂ ਅਤੇ ਕਾਲੀਆ ਨਾਂ ਦੇ ਨੌਜਵਾਨ ਝੁੱਗੀ ਵਿਚ ਆ ਧਮਕੇ। ਤਿੰਨਾਂ ਨੇ ਕੁੜੀ ਨਾਲ ਗੈਂਗਰੇਪ ਕੀਤਾ। ਪੀੜਤਾ ਦਾ ਕਹਿਣਾ ਹੈ ਕਿ ਇਸੇ ਦੌਰਾਨ ਇਕ ਅਣਪਛਾਤਾ ਵਿਅਕਤੀ ਵੀ ਉੱਥੇ ਪਹੁੰਚਿਆ ਅਤੇ ਉਸ ਨਾਲ ਗੈਂਗਰੇਪ ਦੀ ਵੀਡੀਓ ਉਸ ਨੇ ਆਪਣੇ ਮੋਬਾਇਲ ਫ਼ੋਨ ਨਾਲ ਬਣਾਈ।

ਪੀੜਤਾ ਦਾ ਕਹਿਣਾ ਹੈ ਕਿ ਉਸ ਦਾ ਪਿਤਾ ਕੈਂਸਰ ਦਾ ਮਰੀਜ਼ ਹੈ ਅਤੇ ਉਕਤ ਵਿਅਕਤੀਆਂ ਨੇ ਉਸ ਨੂੰ ਧਮਕੀ ਦਿੱਤੀ ਕਿ ਜੇਕਰ ਉਸ ਨੇ ਇਹ ਗੱਲ ਕਿਸੇ ਨੂੰ ਦੱਸੀ ਤਾਂ ਉਹ ਉਸ ਦੇ ਪਿਤਾ ਨੂੰ ਮਾਰ ਦੇਣਗੇ। ਇਸ ਤੋਂ ਬਾਅਦ ਕਈ ਵਾਰ ਉਸ ਨੂੰ ਹਵਸ ਦਾ ਸ਼ਿਕਾਰ ਬਣਾਇਆ ਗਿਆ ਅਤੇ ਉਸ ਨੇ ਪਰਿਵਾਰ ਵਾਲਿਆਂ ਨੂੰ ਕੁਝ ਨਹੀਂ ਦੱਸਿਆ ਪਰ ਪਰਸੋਂ ਉਸ ਦੀ ਹਾਲਤ ਖ਼ਰਾਬ ਹੋ ਗਈ ਅਤੇ ਉਸ ਨੂੰ ਪਰਿਵਾਰ ਵਾਲੇ ਡਾਕਟਰ ਕੋਲ ਲੈ ਗਏ। ਉਥੇ ਜਾ ਕੇ ਉਸ ਨੂੰ ਪਤਾ ਲੱਗਾ ਕਿ ਉਹ ਸਾਢੇ ਤਿੰਨ ਮਹੀਨਿਆਂ ਦੀ ਗਰਭਵਤੀ ਹੈ। ਪੀੜਤਾ ਨੇ ਐੱਸ. ਐੱਸ. ਪੀ. ਦਿਹਾਤੀ ਤੋਂ ਮੰਗ ਕੀਤੀ ਕਿ ਉਸ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜਿਆ ਜਾਵੇ। ਉਥੇ ਹੀ, ਜਾਂਚ ਅਧਿਕਾਰੀ ਐੱਸ. ਆਈ. ਸੀਮਾ ਦਾ ਕਹਿਣਾ ਸੀ ਕਿ ਸੂਚਨਾ ਮਿਲਦੇ ਹੀ ਪੁਲਸ ਹਸਪਤਾਲ ਪਹੁੰਚੀ ਅਤੇ ਪੀੜਤਾ ਦੇ ਬਿਆਨ ਦਰਜ ਕਰਕੇ ਤੁਰੰਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਵੱਲੋਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।

# ਫੈਕਟਰੀ ’ਚ ਲੱਗੀ ਭਿਆਨਕ ਅੱਗ, ਲੋਕਾਂ ’ਚ ਮਚੀ ਹਫੜਾ-ਦਫੜੀ, 2 ਗੰਭੀਰ ਜ਼ਖਮੀ

**ਲੁਧਿਆਣਾ/ਲੋਕ ਬਾਣੀ:-** ਸ਼ਹਿਰ ਦੇ ਸੁੰਦਰ ਨਗਰ ਸਥਿਤ ਮੇਨ ਰੋਡ ਸ਼ਿਵ ਮੰਦਰ ਨੇੜੇ ਸਥਿਤ ਇਕ ਫੈਕਟਰੀ @ਚ ਅੱਗ ਲੱਗਣ ਦੀ ਘਟਨਾ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਅੱਗ ਸੁੰਦਰ ਨਗਰ @ਚ ਪੈਂਦੀ ਸਾਵਨ ਪਲਾਸਟਿਕ ਫੈਕਟਰੀ @ਚ ਲੱਗੀ। ਇਸ ਘਟਨਾ @ਚ ਅੱਗ ਲੱਗਣ ਕਾਰਨ 2 ਮਜ਼ਦੂਰ ਗੰਭੀਰ ਰੂਪ @ਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ, ਜਦਕਿ ਫੈਕਟਰੀ @ਚ ਹੋਰ ਕਿੰਨੇ ਵਰਕਰ ਫਸੇ ਹੋਏ ਹਨ, ਇਹ ਅਜੇ ਸਪੱਸ਼ਟ ਨਹੀਂ ਹੋ ਸਕਿਆ। ਅੱਗ ਦੀਆਂ ਲਪਟਾਂ ਇੰਨੀਆਂ ਭਿਆਨਕ ਸਨ ਕਿ ਲੋਕਾਂ @ਚ ਹਫੜਾ-ਦਫੜੀ ਮਚ ਗਈ। ਫੈਕਟਰੀ ਗਲੀਆਂ ਦੇ ਵਿਚਕਾਰ ਤੰਗ ਥਾਂ @ਚ ਹੋਣ ਕਾਰਨ ਫਾਇਰ ਬ੍ਰਿਗੇਡ ਦੀ ਕਾਰਵਾਈ ਕੁਝ ਦੇਰੀ ਨਾਲ ਸ਼ੁਰੂ ਹੋਈ, ਜਿਸ ਕਾਰਨ ਅੱਗ ਹੋਰ ਫੈਲ ਗਈ। ਫਿਲਹਾਲ ਫਾਇਰ ਬ੍ਰਿਗੇਡ ਅੱਗ ਬੁਝਾਉਣ @ਚ ਲੱਗੀ ਹੋਈ ਹੈ।



# ਲੈਫਟੀਨੈਂਟ ਜਨਰਲ ਮਨੋਜ ਪਾਂਡੇ ਬਣੇ ਭਾਰਤੀ ਫੌਜ ਦੇ ਨਵੇਂ ਮੁਖੀ

ਫੌਜ ਦੇ ਉਪ ਲੈਫਟੀਨੈਂਟ ਜਨਰਲ ਮਨੋਜ ਪਾਂਡੇ ਨੂੰ ਸੋਮਵਾਰ ਨੂੰ ਭਾਰਤੀ ਫੌਜ ਦਾ ਨਵਾਂ ਮੁਖੀ ਨਿਯੁਕਤ ਕੀਤਾ ਗਿਆ ਕਿਉਂਕਿ ਮੌਜੂਦਾ ਥਲ ਸੈਨਾ ਮੁਖੀ ਜਨਰਲ ਐਮਐਮ ਨਰਵਾਣੇ ਨੂੰ ਚੀਫ ਆਫ ਡਿਫੈਂਸ ਸਟਾਫ ਦੇ ਅਹੁਦੇ ਲਈ ਸਭ ਤੋਂ ਅੱਗੇ ਦੇਖਿਆ ਜਾ ਰਿਹਾ ਹੈ। ਪਾਂਡੇ ਚੋਟੀ ਦੇ ਫੌਜੀ ਅਹੁਦੇ @ਤੇ ਰਹਿਣ ਵਾਲੇ ਪਹਿਲੇ ਇੰਜੀਨੀਅਰ ਹਨ। ਨਰਵਾਣੇ ਇਸ ਮਹੀਨੇ ਦੇ ਅੰਤ ਤੱਕ ਸੇਵਾਮੁਕਤ ਹੋਣ ਵਾਲੇ ਹਨ। ਨਰਵਾਣੇ ਤੋਂ ਬਾਅਦ ਪਾਂਡੇ ਸਭ ਤੋਂ ਸੀਨੀਅਰ ਹਨ। ਸੀਡੀਐਸ ਜਨਰਲ ਬਿਪਿਨ ਰਾਵਤ, ਉਨ੍ਹਾਂ ਦੀ ਪਤਨੀ ਮਧੁਲਿਕਾ ਅਤੇ 12 ਹਥਿਆਰਬੰਦ ਕਰਮਚਾਰੀ 8 ਦਸੰਬਰ, 2021 ਨੂੰ ਇੱਕ ਹੈਲੀਕਾਪਟਰ ਹਾਦਸੇ ਵਿੱਚ ਮਾਰੇ ਗਏ ਸਨ। ਪਾਂਡੇ ਪਿਛਲੇ ਤਿੰਨ ਮਹੀਨਿਆਂ ਦੌਰਾਨ ਕੁਝ ਉੱਚ ਅਧਿਕਾਰੀਆਂ ਦੇ ਸੇਵਾਮੁਕਤ ਹੋਣ ਤੋਂ ਬਾਅਦ ਸਭ ਤੋਂ ਸੀਨੀਅਰ ਬਣ ਗਏ ਹਨ। ਮੌਜੂਦਾ ਲੈਫਟੀਨੈਂਟ ਜਨਰਲ ਰਾਜ ਸ਼ੁਕਲਾ, ਜੋ ਫੌਜ ਦੀ ਸਿਖਲਾਈ ਕਮਾਂਡ (ਏਆਰਟੀਆਰਏਸੀ) ਦੀ ਕਮਾਂਡ ਕਰ ਰਹੇ ਸਨ, 31 ਮਾਰਚ ਨੂੰ ਸੇਵਾਮੁਕਤ ਹੋਏ ਸਨ। ਕੁਝ ਹੋਰ ਸੀਨੀਅਰ ਨੇਤਾ ਜਨਵਰੀ ਦੇ ਅੰਤ ਤੱਕ ਸੇਵਾਮੁਕਤ ਹੋ ਗਏ ਸਨ। ਲੈਫਟੀਨੈਂਟ ਜਨਰਲ ਸੀ ਪੀ ਮੋਹੰਤੀ ਅਤੇ ਲੈਫਟੀਨੈਂਟ ਜਨਰਲ ਵਾਈ ਕੇ ਜੋਸ਼ੀ 31 ਜਨਵਰੀ ਨੂੰ ਸੇਵਾਮੁਕਤ ਹੋਏ ਸਨ।

# ਪੰਜਾਬ ਸਰਕਾਰ, ਸੂਬੇ ਦੇ ਹਰ ਇੱਕ ਨਾਗਰਿਕ ਨੂੰ ਚੰਗੀਆਂ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ

**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ ਵਿਜੈ ਸਿੰਗਲਾ ਜੀ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਰਦਿਆਂ ਜ਼ਿਲ੍ਹਾ ਗੁਰਦਾਸਪੁਰ ਦੇ ਸਰਹੱਦੀ ਕਸਬਾ ਕਲਾਨੌਰ ਵਿਖੇ ਬਲਾਕ ਪੱਧਰੀ ਸਿਹਤ ਮੇਲੇ ਦਾ ਰਸਮੀ ਉਦਘਾਟਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ੍ਰੀ ਗੁਰਦੀਪ ਸਿੰਘ ਰੰਧਾਵਾ ਵੱਲੋਂ ਕੀਤਾ ਗਿਆ। ਸਿਵਲ ਸਰਜਨ ਗੁਰਦਾਸਪੁਰ ਡਾ ਵਿਜੇ ਕੁਮਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ ਲਖਵਿੰਦਰ ਸਿੰਘ ਅਠਵਾਲ ਦੀ ਅਗਵਾਈ ਹੇਠ ਸਿਹਤ ਮੇਲੇ ਵਿੱਚ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਭਾਰਤ ਭੂਸ਼ਣ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਪ੍ਰੋਗਰਾਮ ਦੌਰਾਨ ਸਟੇਜ ਸੈਕਟਰੀ ਦੀ ਭੂਮਿਕਾ ਬਲਾਕ ਐਜੂਕੇਟਰ ਨਵੀਨ ਕਾਲੀਆ ਵੱਲੋਂ ਨਿਭਾਈ ਗਈ। ਇਸੇ ਤਰ੍ਹਾਂ ਕੱਲ 19 ਅਪਰੈਲ ਨੂੰ ਸੀਐਚਸੀ ਨੌਸ਼ਹਿਰਾ ਮੱਝਾ ਸਿੰਘ ਵਿਖੇ, 20 ਅਪਰੈਲ ਨੂੰ ਸੀਐਚਸੀ ਭਾਮ, 21 ਅਪਰੈਲ ਨੂੰ ਸੀਐਚਸੀ ਫਤਿਹਗੜ੍ਹ ਚੂੜੀਆਂ ਅਤੇ 22 ਅਪਰੈਲ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਸਿਹਤ ਮੇਲੇ ਲਗਾਏ ਜਾਣਗੇ। ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਖੇ ਕਰਵਾਏ ਗਏ ਸਿਹਤ ਮੇਲੇ ਦੌਰਾਨ ਬਲੱਡ ਡੋਨੇਸ਼ਨ ਕੈਂਪ ਦਾ ਆਯੋਜਨ ਵੀ ਕੀਤਾ ਗਿਆ ਜਿਸ ਵਿੱਚ ਲਗਭਗ 25 ਤੋਂ ਵੱਧ ਵਿਅਕਤੀਆਂ ਵੱਲੋਂ ਖ਼ੂਨਦਾਨ ਕੀਤਾ ਗਿਆ। ਖ਼ੂਨਦਾਨ ਕਰਨ ਵਾਲੇ ਵਿਅਕਤੀਆਂ ਨੂੰ ਸਰਟੀਫਿਕੇਟ ਅਤੇ ਮੈਡਲ ਪਾ ਕੇ ਮੁੱਖ ਮਹਿਮਾਨ ਸ੍ਰੀ ਗੁਰਦੀਪ ਸਿੰਘ ਰੰਧਾਵਾ ਵੱਲੋਂ ਸਨਮਾਨਿਤ ਕੀਤਾ ਗਿਆ। ਕੈਂਪ ਦੌਰਾਨ 500 ਤੋਂ ਵੱਧ ਵਿਅਕਤੀਆਂ ਦੀ ਗੈਰ ਸੰਚਾਰੀ ਰੋਗਾਂ ਸਬੰਧੀ ਜਾਂਚ ਕੀਤੀ ਗਈ। ਇਸ ਮੌਕੇ ਸਿਹਤ ਮੇਲੇ ਦੌਰਾਨ ਪਹੁੰਚੇ ਨਾਗਰਿਕਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਰ ਇੱਕ ਨਾਗਰਿਕ ਨੂੰ ਚੰਗੀਆਂ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਹੁਤ ਜਲਦ ਮੁਹੱਲਾ ਕਲੀਨਿਕਾਂ ਦੀ ਸ਼ੁਰੂਆਤ ਕਰ ਕੇ ਪਿੰਡ ਪਿੰਡ ਸਿਹਤ ਸੇਵਾਵਾਂ ਦੇ ਮਿਆਰ ਨੂੰ ਉੱਚਾ ਚੁੱਕਿਆ ਜਾਵੇਗਾ। ਸ੍ਰੀ ਰੰਧਾਵਾ ਨੇ ਕਿਹਾ ਕਿ ਸਿਹਤ ਮੇਲੇ ਵਿਖੇ ਆਏ ਵੱਡੀ ਗਿਣਤੀ ਚ ਲੋਕਾਂ ਵੱਲੋਂ ਸਿਹਤ ਜਾਂਚ ਦੇ ਨਾਲ ਨਾਲ ਮੁਫ਼ਤ ਦਵਾਈਆਂ ਪ੍ਰਾਪਤ ਕੀਤੀਆਂ। ਸਿਵਲ ਸਰਜਨ ਡਾ ਵਿਜੇ ਕੁਮਾਰ ਵੱਲੋਂ ਕਲਾਨੌਰ ਵਿਖੇ ਲਗਾਏ ਗਏ ਸਿਹਤ ਮੇਲੇ ਦੀ ਸ਼ਲਾਘਾ




ਕਰਦਿਆਂ ਕਿਹਾ ਕਿ ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਵੱਡੀ ਗਿਣਤੀ ਦੇ ਵਿੱਚ ਆਮ ਨਾਗਰਿਕਾਂ ਨੇ ਆ ਕੇ ਆਪਣੀ ਸਿਹਤ ਜਾਂਚ ਕਰਵਾਈ ਅਤੇ ਵਿਭਾਗ ਵੱਲੋਂ ਮੁਫ਼ਤ ਲੈਬਾਰਟਰੀ ਟੈਸਟ ਅਤੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਉਨ੍ਹਾਂ ਕਿਹਾ ਕਿ ਸਿਹਤ ਮੇਲੇ ਦੌਰਾਨ ਮੈਡੀਸਨ ਸਪੈਸ਼ਲਿਸਟ, ਜਨਾਨਾ ਰੋਗਾਂ ਦੇ ਮਾਹਿਰ ਸਰਜਰੀ ਦੇ ਮਾਹਿਰ ਡਾਕਟਰਾਂ, ਅੱਖਾਂ ਦੇ ਮਾਹਿਰਾਂ ਵੱਲੋਂ ਵੱਧ ਚੜ੍ਹ ਕੇ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਡਾ ਭਾਰਤ ਭੂਸ਼ਣ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਹੋਰਨਾਂ ਬਲਾਕਾਂ ਵਿੱਚ ਵੀ ਸਿਹਤ ਮੇਲੇ ਲਗਾ ਕੇ ਆਮ ਨਾਗਰਿਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆ। ਸੀਨੀਅਰ ਮੈਡੀਕਲ ਅਫਸਰ ਡਾ ਅਠਵਾਲ ਨੇ ਕਿਹਾ ਕਿ ਸਿਹਤ ਮੇਲੇ ਦਾ ਮੁੱਖ ਮੰਤਵ ਆਮ ਨਾਗਰਿਕਾਂ ਨੂੰ ਉਨ੍ਹਾਂ ਦੀ ਚੰਗੀ ਨਰੋਈ ਸਿਹਤ ਪ੍ਰਤੀ ਜਾਗਰੂਕ ਕਰਨ ਦੇ ਨਾਲ ਨਾਲ ਸਿਹਤ ਜਾਂਚ ਕਰਨਾ ਹੈ। ਉਨ੍ਹਾਂ ਕਿਹਾ ਕਿ ਸਿਹਤ ਕੇਂਦਰ ਵਿਖੇ ਕਰਵਾਏ ਗਏ ਇਸ ਮੇਲੇ ਵਿੱਚ ਬਲਾਕ ਦੇ ਨਾਗਰਿਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਕਿ ਬਲਾਕ ਕਲਾਨੌਰ ਤੋਂ ਇਲਾਵਾ ਦੂਜੇ ਬਲਾਕਾਂ ਦੇ ਵੀ ਨੇੜਲੇ ਪਿੰਡਾਂ ਤੋਂ ਮਰੀਜ਼ਾਂ ਵੱਲੋਂ ਸਿਹਤ ਮੇਲੇ ਵਿੱਚ ਆ ਕੇ ਲਾਭ ਉਠਾਇਆ ਗਿਆ। ਡਾ ਅਠਵਾਲ ਨੇ ਦੱਸਿਆ ਕਿ ਸਿਹਤ ਮੇਲੇ ਦੌਰਾਨ ਵੱਖ ਵੱਖ ਸਟਾਲ ਲਗਾ ਕੇ ਨਾਗਰਿਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਮੇਲੇ ਚ ਪਹੁੰਚੇ ਵਿਅਕਤੀਆਂ ਦੀ ਗੈਰ ਸੰਚਾਰੀ ਰੋਗਾਂ ਦੀ ਜਾਂਚ ਕਰਨ ਦੇ ਨਾਲ ਨਾਲ ਆਯੁਰਵੈਦਿਕ ਅਤੇ ਹੋਮਿਓਪੈਥੀ ਮਾਹਿਰਾਂ ਵੱਲੋਂ ਵੱਡੀ ਗਿਣਤੀ ਚ ਮਰੀਜ਼ਾਂ ਦਾ ਇਲਾਜ ਕੀਤਾ ਗਿਆ। ਡਾ ਅਠਵਾਲ ਨੇ ਦੱਸਿਆ ਕਿ ਸਕੂਲੀ ਵਿਦਿਆਰਥੀਆਂ ਦੇ ਲਈ ਚਲਾਏ ਜਾ ਰਹੇ ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ ਤਹਿਤ ਵੀ ਸਟਾਲ ਲਗਾ ਕੇ ਪਹੁੰਚੇ ਵਿਅਕਤੀਆਂ ਨੂੰ ਜਾਗਰੂਕ ਕੀਤਾ ਗਿਆ। ਡਾ ਅਠਵਾਲ ਨੇ ਦੱਸਿਆ ਕਿ ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਯੋਗ ਵਿਅਕਤੀਆਂ ਦੇ ਮੁਫਤ ਇਲਾਜ ਦੇ ਕਾਰਡ ਵੀ ਮੌਕੇ ਤੇ ਹੀ ਬਣਾਏ ਗਏ । ਇਸ ਮੌਕੇ ਮਾਸਟਰ ਦਲਜੀਤ ਸਿੰਘ ਨਵਪ੍ਰੀਤ ਸਿੰਘ ਬਲਾਕ ਇੰਚਾਰਜ ਬਲਾਕ ਮੀਡੀਆ ਅਡਵਾਈਜ਼ਰ ਚੰਚਲ ਕੁਮਾਰ ਡਾ ਸੁਰੇਸ਼ ਕੁਮਾਰ ਡਾ ਸੁਖਦੀਪ ਸਿੰਘ ਡਾ ਕੁਲਦੀਪ ਸਿੰਘ ਡਾ ਸ਼ਵੇਤਾ ਡਾ ਰਮਨ ਡਾ ਰਿਚਾ, ਬਲਾਕ ਐਜੂਕੇਟਰ ਨਵੀਨ ਕਾਲੀਆ ਸਿਹਤ ਇੰਸਪੈਕਟਰ ਦਿਲਬਾਗ ਸਿੰਘ ਗੁਰਪ੍ਰੀਤਪਾਲ ਸੁਖਦੀਪ ਸਿੰਘ ਫਾਰਮੇਸੀ ਅਫਸਰ ਪ੍ਰਭਜੀਤ ਸਿੰਘ ਰਣਬੀਰ ਸਿੰਘ ਪੁਨੀਤ ਕੁਮਾਰ ਗੁਰਮੇਜ ਸਿੰਘ ਸਾਹਿਲ ਕੁਮਾਰ ਆਦਿ ਮੌਜੂਦ ਰਹੇ ।

# ਨਗਰ ਸੁਧਾਰ ਟਰੱਸਟ ਦੇ ਦਫਤਰ ਚ ਚੱਲ ਰਹੇ ਧਰਨੇ ਨੂੰ ਅੱਜ ਹੋਏ 99 ਦਿਨ



**ਗੁਰਦਾਸਪੁਰ/ਨਵਨੀਤ ਕੁਮਾਰ**

ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਦਫਤਰ ਸਾਹਮਣੇ ਸਕੀਮ ਨੰਬਰ ਸੱਤ ਦੇ ਪੀੜ ?ਤ ਕਿਸਾਨਾਂ ਦਾ ਧਰਨਾ ਅੱਜ ਨੜਿੱਨਵੇ ਦਿਨ ਵਿੱਚ ਦਾਖ਼ਲ ਹੋ ਗਿਆ ।ਇਸੇ ਦੌਰਾਨ ਅੱਜ ਇਕ ਕਰੋੜ ਰੁਪਏ ਦਾ ਵਾਅਦਾ ਵਫ਼ਾ ਨਾ ਹੋਣ ਦੇ ਕਾਰਨ ਕਿਸਾਨਾਂ ਨੇ ਡੀਸੀ ਦਫਤਰ ਦੇ ਸਾਹਮਣੇ ਰੋਸ ਧਰਨਾ ਦਿੱਤਾ । ਇਸ ਮੌਕੇ ਜਦ ਸੰਯੁਕਤ ਕਿਸਾਨ ਮੋਰਚੇ ਦਾ ਵਫਦ ਕਾਰਜਕਾਰੀ ਅਧਿਕਾਰੀ ਨੂੰ ਮਿਲਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਇੱਕ ਕਰੋੜ ਰੁਪਏ ਦੇ ਡਰਾਫਟ ਤਿਆਰ ਕਰ ਲਏ ਗਏ ਹਨ ਤੇ ਇਨ੍ਹਾਂ ਦੀ ਅਦਾਇਗੀ ਕੱਲ੍ਹ ਕਰ ਦਿੱਤੀ ਜਾਵੇਗੀ ।ਉਨ੍ਹਾਂ ਇਹ ਵੀ ਸੂਚਨਾ ਦਿੱਤੀ ਕਿ ਨਗਰ ਸੁਧਾਰ ਟਰੱਸਟ ਦੇ ਇੰਚਾਰਜ ਅਧਿਕਾਰੀ ਏਡੀਸੀ ਮੈਡਮ ਹੋਰਾਂ ਦੇ ਆਦੇਸ਼ ਤੇ ਨਗਰ ਸੁਧਾਰ ਟਰੱਸਟ ਵੱਲੋਂ ਬੈਂਕਾਂ ਨਾਲ ਕਰਜ਼ਾ ਲੈਣ ਦੀ ਗੱਲ ਕੀਤੀ ਜਾ ਰਹੀ ਹੈ ।ਅਤੇ ਉਮੀਦ ਹੈ ਇਹ ਕਰਜ਼ਾ ਮਿਲ ਜਾਵੇਗਾ ਅਤੇ ਇਸ ਨਾਲ ਸਾਰੇ ਦੀ ਸਾਰੀ ਅਦਾਇਗੀ ਕਰ ਦਿੱਤੀ ਜਾਵੇਗੀ । ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਅਗਰ ਚਾੜ੍ਹਦਾ ਹੈ ਤਾਂ ਇਹ ਬਹੁਤ ਚੰਗਾ ਚੰਗਾ ਹੋਵੇਗਾ ਇਸ ਨਾਲ ਕਿਸਾਨਾਂ ਦੀ ਖੱਜਲ ਖੁਆਰੀ ਬੰਦ ਹੋਵੇਗੀ ਤੇ ਉਨ੍ਹਾਂ ਨੂੰ ਸਾਰੀ ਦੀ ਸਾਰੀ ਪੇਮੈਂਟ ਮਿਲ ਜਾਵੇਗੀ । ਇੰਜ ਕਿਸਾਨ ਆਪਣੇ ਪੁਨਰ ਸਥਾਪਤੀ ਵਿਚ ਕੁਝ ਸੌਖ ਮਹਿਸੂਸ ਕਰਨਗੇ ਹੈ ਕਿ ਇਹ ਹੁਣ ਹੱਲ ਹੋ ਜਾਵੇਗਾ ।ਬੈਂਕਾਂ ਤੋਂ ਨਗਰ ਸੁਧਾਰ ਟਰੱਸਟ ਜਿੰਨਾ ਚਾਹੇ ਕਰਜ਼ਾ ਲੈ ਸਕਦਾ ਹੈ ਅਤੇ ਇਹ ਕਰਜ਼ਾ ਜੇ ਸਿਰਫ਼ ਕਿਸਾਨਾਂ ਦੀ ਅਦਾਇਗੀ ਕਰਨ ਲਈ ਹੀ ਵਰਤਿਆ ਜਾਂਦਾ ਹੈ ਤਾਂ ਇਹ ਬਹੁਤ ਚੰਗੀ ਗੱਲ ਹੋਵੇਗੀ ।ਕਿਸਾਨ ਪਿਛਲੇ ਬਾਰਾਂ ਸਾਲ ਤੋਂ ਜੋ ਤਰਲੇ ਮਾਰ ਰਹੇ ਸਨ ਅਤੇ ਹੋਰਨਾਂ ਨੇ ਹੋਣ ਜਥੇਬੰਦਕ ਰਾਹ ਅਪਣਾਇਆ ਹੈ ਉਨ੍ਹਾਂ ਦਾ ਦਰਦ ਘਟੇਗਾ ਉਨ੍ਹਾਂ ਦੇ ਜ਼ਖ਼ਮਾਂ ਤੇ ਮੱਲ੍ਹਮ ਲੱਗੇਗੀ ।ਆਗੂਆਂ ਨੇ ਨਗਰ ਸੁਧਾਰ ਟਰੱਸਟ ਦੇ ਮੌਜੂਦਾ ਇੰਚਾਰਜ ਡਿਪਟੀ ਕਮਿਸ਼ਨਰ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਮਸਲਾ ਜਲਦੀ ਤੋਂ ਜਲਦੀ ਹੱਲ ਕਰਨ ਅਤੇ ਕਿਸਾਨਾਂ ਨੂੰ ਸਾਰੀ ਦੀ ਸਾਰੀ ਅਦਾਇਗੀ ਲਈ ਹਰ ਸੰਭਵ ਯਤਨ ਤੇਜ਼ ਕਰਨ ।ਆਗੂਆਂ ਨੇ ਫਿਰ ਅਹਿਦ ਕੀਤਾ ਕਿ ਜਿੰਨਾ ਚਿਰ ਸੱਚ ਸਾਰਿਆਂ ਦੀ ਸਾਰੀ ਦੀ ਸਾਰੀ ਅਦਾਇਗੀ ਨਹੀਂ ਹੋ ਜਾਂਦੀ ਓਨਾ ਚਿਰ ਤੱਕ ਇਹ ਧਰਨਾ ਚਲਦਾ ਰਹੇਗਾ ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਦੇ ਵੱਲੋਂ ਮੱਖਣ ਸਿੰਘ ਕੁਹਾੜ ਬਲਬੀਰ ਸਿੰਘ ਰੰਧਾਵਾ ਅਜੀਤ ਸਿੰਘ ਹੁੰਦਲ ਗੁਰਦੀਪ ਸਿੰਘ ਮੁਸਤਫਾਬਾਦ ਕਪੂਰ ਸਿੰਘ ਘੁੰਮਣ ਗੁਰਮੀਤ ਸਿੰਘ ਥਾਣੇਵਾਲ ਜਗਜੀਤਸਿੰਘ ਕਲਾਨੌਰ ਹਰਜੀਤ ਸਿੰਘ ਕਾਹਲੋਂ ਕਲਾਨੌਰ ਪ੍ਰੇਮ ਮਸੀਹ ਸੋਨੂੰ ਸ਼ਿੰਦਾ ਮਸੀਹ ਜਗੀਰ ਮਸੀਹ ਨੜਾਂਵਾਲੀ ਬਲਵਿੰਦਰ ਕੌਰ ਢੀਂਡਸਾ ਅਮਰਜੀਤ ਕੌਰ

ਬਲਵਿੰਦਰ ਕੌਰ ਘਰਾਲਾ ਬਲਪ੍ਰੀਤ ਸਿੰਘ ਕਰਾਲਾ ਵਰਿੰਦਰ ਸਿੰਘ ਰਜਿੰਦਰ ਸਿੰਘ ਚਰਨ ਦਾਸ ਅਜੈ ਕੁਮਾਰ ਸਤਨਾਮ ਸਿੰਘ ਸੁਰਿੰਦਰ ਸਿੰਘ ਪਲਵਿੰਦਰ ਸਿੰਘ ਢੀਂਡਸਾ ਆਦਿ ਵੀ ਹਾਜ਼ਰ ਸਨ ।

# ਨਿਮਰ ਤੇ ਸ਼ਾਂਤ ਸੁਭਾਅ ਦੇ ਮਾਲਕ ਸਨ ਰਾਮ ਸਿੰਘ ਰਾਜੋਆਣਾ



**ਜਗਰਾਉ/ਅਰਜੁਨ ਸਹਿਜਪਾਲ**

ਜਗਰਾਉਂ ਦੇ ਪਿੰਡ ਰਾਜੋਆਣਾ ਕਲਾਂ ਵਿਖੇ ਪਿਤਾ ਸਰਵਣ ਸਿੰਘ ਦੇ ਘਰ ਮਾਤਾ ਕਿਸ਼ਨ ਕੌਰ ਦੀ ਕੁਖੋਂ ਜਨਮੇ ਰਾਮ ਸਿੰਘ ਰਾਜੋਆਣਾ (84) ਬਹੁਤ ਹੀ ਨਿਮਰ ਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਰੂਹਾਨੀਅਤ ਦੇ ਮਾਰਗ ਦੇ ਰਾਹੀ ਅਤੇ ਧਾਰਮਿਕ ਵਿਚਾਰਾਂ ਦੇ ਧਾਰਨੀ ਰਾਮ ਸਿੰਘ ਦੀ ਰੂਹ ਹਰ ਘੜੀ ਹਰ ਪਲ ਗੁਰਬਾਣੀ ਸਿਮਰਨ ਨਾਲ ਜੁੜੀ ਰਹਿੰਦੀ ਸੀ। ਉਹ ਹਮੇਸ਼ਾਂ ਸ਼ਾਂਤ ਚਿੱਤ ਆਪਣੇ ਕੰਮਕਾਰ @ਚ ਲੱਗੇ ਰਹਿੰਦੇ ਅਤੇ ਉਨ੍ਹਾਂ ਲਈ ਕਿਰਤ ਹੀ ਪੂਜਾ ਸੀ। ਉਹ ਸਿਰਫ਼ ਗੁਰੂ ਘਰ ਦੀਆਂ ਗੱਲਾਂ ਕਰਨਾ ਹੀ ਪਸੰਦ ਕਰਦੇ ਅਤੇ ਦੁਨਿਆਵੀ ਗੱਲਾਂ ਬਾਤਾਂ @ਚ ਉਨ੍ਹਾਂ ਦਾ ਉੱਕਾ ਵੀ ਮੋਹ ਨਹੀਂ ਸੀ। ਹਰ ਕਿਸੇ ਨੂੰ ਦੋਵੇਂ ਹੱਥ ਜੋੜ ਕੇ ਸਤਿਕਾਰ ਦੇਣ ਵਾਲੀ ਸਖਸ਼ੀਅਤ ਰਾਮ ਸਿੰਘ ਨੇ ਸਖ਼ਤ ਮਿਹਨਤ ਮੁਸ਼ਕਤ ਨਾਲ ਆਪਣੇ ਦੋਵੇਂ ਪੁੱਤਰਾਂ ਕੁਲਦੀਪ ਸਿੰਘ ਤੇ ਰਣਧੀਰ ਸਿੰਘ ਬਿੱਲੂ ਨੂੰ ਪੜ੍ਹਾ ਲਿਖਾ ਕੇ ਸਰਕਾਰੀ ਨੌਕਰੀ @ਤੇ ਲਵਾਇਆ ਅਤੇ ਜਿਸ ਤਰ੍ਹਾਂ ਆਪਣੀਆਂ ਧੀਆਂ ??ਦਲਵੀਰ ਕੌਰ, ਰਣਜੀਤ ਕੌਰ ਤੇ ਮਨਜੀਤ ਕੌਰ ਦਾ ਲੜਕਿਆਂ ਦੀ ਤਰ੍ਹਾਂ ਪਾਲਣ-ਪੋਸ਼ਣ ਕੀਤਾ, ਉਸੇ ਤਰ੍ਹਾਂ ਹੀ ਨੂੰਹਾਂ ਨੂੰ ਵੀ ਧੀਆਂ-ਪੁੱਤਰਾਂ ਦੀ ਤਰ੍ਹਾਂ ਪਿਆਰ ਦਿੱਤਾ। ਉਨ੍ਹਾਂ ਦੀ ਇਕਲੌਤੀ ਪੋਤਰੀ ਪੀ.ਏ.ਯੂ. ਲੁਧਿਆਣਾ ਤੋਂ ਉੱਚ ਵਿੱਦਿਆ ਪ੍ਰਾਪਤ ਕਰਕੇ ਅਮਰੀਕਾ @ਚ ਪੀ.ਐਚ.ਡੀ ਕਰ ਰਹੀ ਹੈ ਅਤੇ ਪੋਤਰੇ, ਦੋਹਤੇ ਤੇ ਦੋਹਤੀਆਂ ਵੀ ਉਚੇਰੀ ਸਿੱਖਿਆ ਹਾਸਲ ਕਰ ਰਹੇ ਹਨ। ਸ.ਰਾਮ ਸਿੰਘ ਦੇ ਕਰੀਬੀ ਰਿਸ਼ਤੇਦਾਰ ਸਤਨਾਮ ਸਿੰਘ ਜਗਰਾਉਂ, ਬਲਵਿੰਦਰ ਸਿੰਘ ਸੁਧਾਰ, ਸੇਵਕ ਕਾਉਂਕੇ, ਜੀਤਾ ਪੰਡੋਰੀ ਅਤੇ ਜਵਾਈ ਅਜੀਤ ਸਿੰਘ ਤੇ ਪ੍ਰਿੰ.ਸਰਬਜੀਤ ਸਿੰਘ ਦੇਹੜਕਾ ਨੇ ਦੱਸਿਆ ਕਿ ਉਹ ਦੋ-ਦੋ, ਤਿੰਨ-ਤਿੰਨ ਘੰਟਿਆਂ ਤੱਕ ਨਾਮ ਸਿਮਰਨ ਕਰਦੇ ਰਹਿੰਦੇ ਸਨ ਅਤੇ ਬੰਦਗੀ ਕਰਦਿਆਂ ਆਖਰੀ ਸਾਹ ਤੱਕ ਤੰਦਰੁਸਤੀ ਤੇ ਖੁਸ਼ੀ ਭਰਿਆ ਜੀਵਨ ਬਤੀਤ ਕੀਤਾ। ਉਨ੍ਹਾਂ ਨਮਿਤ ਕਰਵਾਏ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਅਤੇ ਅੰਤਿਮ ਅਰਦਾਸ 19 ਅਪ੍ਰੈਲ 2022 ਦਿਨ ਮੰਗਲਵਾਰ ਨੂੰ ਗੁਰਦੁਆਰਾ ਦਸਮੇਸ਼ ਨਗਰ (ਕੱਚਾ ਮਲਕ ਰੋਡ) ਜਗਰਾਉਂ ਵਿਖੇ 1 ਵਜੇ ਹੋਵੇਗੀ।

# ਵਿਧਾਇਕ ਦਲਜੀਤ ਸਿੰਘ ਗਰੇਵਾਲ (ਭੋਲਾ) ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਤਰਫ ਗਹਿਲੇਵਾਲ ਦੀ ਨਵੀਂ ਇਮਾਰਤ ਦਾ ਉਦਘਾਟਨ



**ਲੁਧਿਆਣਾ/ਕਰਨ ਅਗਰਵਾਲ**

ਅੱਜ ਹਲਕਾ ਲੁਧਿਆਣਾ ਪੂਰਬੀ ਦੇ ਵਿਧਾਇਕ ਸ. ਦਲਜੀਤ ਸਿੰਘ ਗਰੇਵਾਲ (ਭੋਲਾ) ਵੱਲੋਂ ਤਕਰੀਬਨ 50 ਲੱਖ ਰੁਪਏ ਦੀ ਲਾਗਤ ਵਾਲੀ ਸਥਾਨਕ ਸਰਕਾਰੀ ਪ੍ਰਾਇਮਰੀ ਸਕੂਲ ਤਰਫ ਗਹਿਲੇਵਾਲ ਦੀ ਨਵੀਂ ਬਿਲਡਿੰਗ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਸਕੂਲ ਦੇ ਨਵੇ ਬਣੇ ਕਮਰਿਆਂ ਦਾ ਵੀ ਉਦਘਾਟਨ ਕੀਤਾ। ਸਮੂਹ ਸਟਾਫ, ਐਸ.ਐਮ.ਸੀ. ਮੈਂਬਰ, ਪਿੰਡ ਤਰਫ ਗਹਿਲੇਵਾਲ ਦੇ ਵਸਨੀਕਾਂ ਵੱਲੋਂ ਵਿਧਾਇਕ ਭੋਲਾ ਦਾ ਧੰਨਵਾਦ ਤੇ ਭਰਵਾਂ ਸੁਆਗਤ ਕੀਤਾ ਗਿਆ। ਵਿਧਾਇਕ ਭੋਲਾ ਨੇ ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸਿੱਖਿਆ ਦਾ ਪੱਧਰ ਉੱਚਾ ਚੁੱਕਿਆ ਜਾਵੇਗਾ। ਉਨ੍ਹਾ ਅੱਗੇ ਕਿਹਾ ਕਿ ਉਨ੍ਹਾ ਦੀ ਸਰਕਾਰ ਦਾ ਇਹ ਸੁਪਨਾ ਹੈ ਕਿ ਅਜਿਹੀ ਵਿਵਸਥਾ ਕਾਇਮ ਕੀਤੀ ਜਾਵੇਗੀ ਜਿਸਦੇ ਤਹਿਤ ਆਮ ਲੋਕ ਵੀ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਦੇ ਸਕਣਗੇ। ਉਨ੍ਹਾਂ ਕਿਹਾ ਕਿ ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਜਿਹੜਾ ਪੈਸਾ ਮਿਹਨਤ ਕਰਕੇ ਉਨ੍ਹਾਂ ਵੱਲੋਂ ਲਿਆਂਦਾ ਜਾ ਰਿਹਾ ਹੈ ਉਹ ਕਿਸੇ ਯੋਗ ਤੇ ਵਧੀਆ ਕੰਮਾਂ ਲਈ ਖਰਚ ਹੋ ਰਿਹਾ ਹੈ। ਵਿਧਾਇਕ ਦਲਜੀਤ ਸਿੰਘ ਗਰੇਵਾਲ (ਭੋਲਾ) ਨੇ ਕਿਹਾ ਚੰਗੀ ਸਿੱਖਿਆ ਦਾ ਕੋਈ ਮੇਲ ਨਹੀਂ ਹੈ ਕਿਉਂਕਿ ਇਹ ਸਾਡੀ ਨੌਜਵਾਨ ਪੀੜ੍ਹੀ ਨੂੰ ਵਧੀਆ ਤਰੀਕਿਆਂ ਨਾਲ ਤਿਆਰ ਕਰਕੇ ਉਨ੍ਹਾਂ ਨੂੰ ਜਾਗਰੂਕ ਅਤੇ ਚੰਗੇ ਨਾਗਰਿਕ ਬਣਾਉਂਦੀ ਹੈ। ਸਾਨੂੰ ਆਰਥਿਕ ਤੌਰ @ਤੇ ਕਮਜ਼ੋਰ ਵਰਗਾਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕਰਨ ਲਈ ਸਮੂਹਿਕ ਤੌਰ @ਤੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਇਹ ਮਨੁੱਖਤਾ ਦੀ ਸਭ ਤੋਂ ਉੱਤਮ ਸੇਵਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਧਰਮਿੰਦਰ ਫੌਜੀ, ਸੰਜੀਵ ਸੰਜੂ, ਜਗੀਰ ਸਿੰਘ, ਤਸ਼ਿਤ ਗੁਪਤਾ, ਰਾਜਵਿੰਦਰ ਸਿੰਘ, ਮਿੰਟੂ ਰਾਠੌੜ, ਲਖਵਿੰਦਰ ਚੌਧਰੀ, ਗੁਰਚਰਨ ਸਿੰਘ ਵੀ ਹਾਜ਼ਰ ਸਨ।

# ਗਊਸ਼ਾਲਾ ਸਮਰਾਲਾ ਵਿਖੇ ਪੰਚ ਮੁੱਖੀ ਸ੍ਰੀ ਹੰਨੂਮਾਨ ਜੈਅੰਤੀ ਮਨਾਈ ਗਈ



**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਸ੍ਰੀ ਜੋਗੀ ਪੀਰ ਗਊਸ਼ਾਲਾ ਖੰਨਾ ਰੋਡ ਸਮਰਾਲਾ ਵਿਖੇ ਪੰਜ ਮੁਖੀ ਜੀ ਹਨੂੰਮਾਨ ਮੰਦਿਰ ਵਿਖੇ ਵਸਿਸ਼ਟ ਪਰਿਵਾਰ ਦੀ ਰਹਿਨੁਮਾਈ ਹੇਠ ਹਨੂੰਮਾਨ ਜੈਅੰਤੀ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉਪਿੰਦਰ ਵਸਿਸ਼ਟ ਅਤੇ ਸ੍ਰੀ ਰਾਮ ਖੁੱਲਰ ਨੇ ਦੱਸਿਆ ਕਿ ਚੇਤ ਮਹੀਨੇ ਦੀ ਪੂਰਨਮਾਸ਼ੀ ਮੌਕੇ ਸ੍ਰੀ ਹਨੂੰਮਾਨ ਜੀ ਦਾ ਜਨਮ ਹੋਇਆ ਸੀ, ਇਸ ਸਬੰਧ ਵਿੱਚ ਸੁੰਦਰ ਕਾਂਡ ਦਾ ਪਾਠ ਕਰਵਾਇਆ ਗਿਆ ਅਤੇ ਹਨੂੰਮਾਨ ਜੀ ਦੀ ਪੂਜਾ ਕੀਤੀ ਗਈ ਅਤੇ ਭਗਤਾਂ ਨੇ ਹਨੂੰਮਾਨ ਜੀ ਦੀ ਪੂਜਾ ਦੇ ਨਾਲ ਨਾਲ ਆਰਤੀ ਵੀ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਸਮਰਾਲਾ ਵਿੱਚ ਪੰਜ ਮੁਖੀ ਹਨੂੰਮਾਨ ਜੀ ਦਾ ਇਹ ਪਹਿਲਾ ਮੰਦਿਰ ਹੈ, ਜਿੱਥੇ ਪਿਛਲੇ ਸਾਲ ਪੰਜ ਮੁਖੀ ਹਨੂੰਮਾਨ ਦੀ ਮੂਰਤੀ ਦੀ ਸਥਾਪਨਾ ਪੂਰੀ ਵਿਧੀ ਵਿਧਾਨ ਨਾਲ ਕੀਤੀ ਗਈ ਸੀ। ਅੱਜ ਦੇ ਸਮਾਗਮ ਵਿੱਚ ਰੁਪਿੰਦਰ ਸਿੰਘ ਰਾਜਾ ਗਿੱਲ ਹਲਕਾ ਇੰਚਾਰਜ ਕਾਂਗਰਸ ਸਮਰਾਲਾ ਨੇ ਬਤੌਰ ਮੁੱਖ ਮਹਿਮਾਨ ਸ਼ਿਕਰਤ ਕੀਤੀ। ਇਸ ਮੌਕੇ ਪੰਡਿਤ ਸ਼ਿਵਮ ਸ਼ਰਮਾ ਐਂਡ ਪਾਰਟੀ ਵੱਲੋਂ ਹਨੂੰਮਾਨ ਜੀ ਦਾ ਕੀਰਤਨ ਕੀਤਾ ਅਤੇ ਗੁਣਗਾਣ ਕੀਤਾ। ਆਈਆਂ ਸੰਗਤਾਂ ਵੱਲੋਂ ਪੂਰੀ ਸ਼ਰਧਾ ਨਾਲ ਕੀਰਤਨ ਸੁਣਿਆ ਗਿਆ। ਇਸ ਮੌਕੇ ਪੁਹੁੰਚੀਆਂ ਪ੍ਰਮੁੱਖ ਸਖਸ਼ੀਅਤਾਂ ਵਿੱਚ ਹਰੀ ਕ੍ਰਿਸ਼ਨ ਗੰਭੀਰ, ਐਡਵੋਕੇਟ ਐਸ. ਕੇ. ਵਸਿਸਟ, ਪ੍ਰਕਾਸ਼ ਅਰੋੜਾ, ਭੂਸ਼ਨ ਸੱਚਦੇਵਾ, ਲੱਖੀ ਗੁਰੋਂ, ਸਾਹਿਲ ਵਿਸਸਟ, ਬੱਗਾ ਗੁਰੋਂ, ਹਰਮਨ ਗੁਰੋਂ, ਕਮਲ ਕਾਂਤ ਸਾਸ਼ਤਰੀ, ਮਿੰਟੂ ਖੁੱਲਰ, ਹਰਚੰਦ ਸਿੰਘ ਮਲਕਪੁਰ, ਦਰਸ਼ਨ ਸਿੰਘ ਸਮਾਜਸੇਵੀ, ਗੁਰਮੁੱਖ ਸਿੰਘ ਬੁੱਲੇਪੁਰ ਦਾ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਇਸ ਜੈਅੰਤੀ ਨੂੰ ਸਫਲਤਾ ਪੂਰਬਕ ਨੇਪਰੇ ਚਾੜਨ ਲਈ ਗਊ ਸ਼ਾਲਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ੍ਰੀ ਰਾਮ ਖੁੱਲਰ, ਸੋਮ ਨਾਥ ਸ਼ਰਮਾ, ਤਰਸੇਮ ਲਾਲ, ਰਣਜੀਤ ਸਿੰਘ ਗੁਰੋਂ, ਲੱਕੀ ਮਰਵਾਹਾ, ਯੁਵਰਾਜ ਮਰਵਾਹਾ, ਵਿਜੈ ਕੁਮਾਰ ਆਦਿ ਤੋਂ ਇਲਾਵਾ ਹੋਰ ਵੀ ਮੈਬਰਾਂ ਨੇ ਪੂਰੀ ਮਿਹਨਤ ਅਤੇ ਲਗਨ ਨਾਲ ਕੰਮ ਕੀਤਾ। ਇਸ ਮੌਕੇ ਭੰਡਾਰਾ ਅਤੁੱਟ ਵਰਤਾਇਆ ਗਿਆ।

# ਮਾਰਚ 2022 ਮਹੀਨੇ ਦੇ ਈ.ਐਸ.ਆਈ. ਅੰਸ਼ਦਾਨ ਨੂੰ ਭਰਨ ਤੇ ਜਮ੍ਹਾਂ ਕਰਨ ਲਈ ਸਮੇਂ 'ਚ ਛੋਟ

## ਹੁਣ ਅੰਸ਼ਦਾਨ 30 ਅਪ੍ਰੈਲ ਤੱਕ ਜਮ੍ਹਾਂ ਕਰਵਾਇਆ ਜਾ ਸਕਦਾ ਹੈ - ਸੁਨੀਲ ਕੁਮਾਰ ਯਾਦਵ

**ਲੁਧਿਆਣਾ/ਕਰਨ ਅਗਰਵਾਲ**

ਕਰਮਚਾਰੀ ਰਾਜ ਬੀਮਾ ਨਿਗਮ ਦੇ ਉਪ ਨਿਦੇਸ਼ਕ (ਪ੍ਰਭਾਰੀ) ਸ੍ਰੀ ਸੁਨੀਲ ਕੁਮਾਰ ਯਾਦਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿਯੋਜਕ ਨੂੰ ਮਾਰਚ 2022 ਦੀ ਈ.ਐਸ.ਆਈ. ਅੰਸ਼ਦਾਨ ਜਮ੍ਹਾਂ ਕਰਵਾਉਣ ਵਿੱਚ ਆ ਰਹੀਆਂ ਮੁਸ਼ਕਲਾ ਨੂੰ ਧਿਆਨ ਵਿੱਚ ਰੱਖਦੇ ਹੋਏ, ਡਾਇਰੈਕਟਰ ਜਨਰਲ, ਈ.ਐਸ.ਆਈ.ਸੀ., ਨੇ ਰੈਗੂਲੇਸ਼ਨ 100 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋ ਕਰਦੇ ਹੋਏ ਮਾਰਚ 2022 ਦੇ ਮਹੀਨੇ ਲਈ ਈ.ਐਸ.ਆਈ.ਸੀ. ਅੰਸ਼ਦਾਨ ਨੂੰ ਭਰਨ ਅਤੇ ਜਮ੍ਹਾਂ ਕਰਨ ਦੀ ਸਮਾਂ ਸੀਮਾ ਵਿੱਚ ਢਿੱਲ ਦਿੱਤੀ ਗਈ ਹੈ.

ਇਸ ਸਬੰਧ ਵਿੱਚ ਇੱਕ ਵਾਰ ਦੇ ਮੌਕੇ ਵਜੋਂ, ਨਿਯੋਜਕ ਨੂੰ ਮਾਰਚ 2022 ਦੇ ਮਹੀਨੇ ਲਈ 15-04-2022 ਦੀ ਬਜਾਏ 30-04-2022 ਤੱਕ ਅੰਸ਼ਦਾਨ ਜਮ੍ਹਾ ਕਰਨ ਦੀ ਇਜਾਜ਼ਤ ਹੈ।

ਇਸ ਅਨੁਸਾਰ, ਨਿਯੋਜਕ ਨੂੰ ਅਕਤੂਬਰ 2021 ਤੋਂ ਮਾਰਚ 2022 ਤੱਕ ਅੰਸ਼ਦਾਨ ਰਿਟਰਨ ਫਾਈਲ ਕਰਨ ਦੀ ਮਿਆਦ 11-05-2022 ਦੀ ਬਜਾਏ 26-05-2022 ਤੱਕ ਦੀ ਵੀ ਇਜਾਜ਼ਤ ਹੈ।

ਸ੍ਰੀ ਯਾਦਵ ਨੇ ਅੱਗੇ ਦੱਸਿਆ ਕਿ ਈ.ਐਸ.ਆਈ. ਐਕਟ ਜ਼ਿਨ੍ਹਾਂ @ਤੇ ਲਾਗੂ ਹੁੰਦਾ ਹੈ ਉਸ ਵਿੱਚ 10 ਜਾਂ ਵੱਧ ਕਰਮਚਾਰੀਆਂ ਵਾਲੀ ਕੋਈ ਵੀ ਗੈਰ-ਮੌਸਮੀ ਫੈਕਟਰੀ, ਪੰਜਾਬ ਰਾਜ ਵਿੱਚ 10 ਤੋਂ ਵੱਧ ਕਰਮਚਾਰੀਆਂ ਦੀ ਗਿਣਤੀ ਵਾਲੇ ਸੈਕਟਰਾਂ ਜਿਵੇਂ ਕਿ ਹੋਟਲ ਅਤੇ ਰੈਸਟੋਰੈਂਟ, ਅਖਬਾਰ ਦੀ ਸਥਾਪਨਾ, ਸੜਕ-ਮੋਟਰ ਟ੍ਰਾਂਸਪੋਰਟ ਅਦਾਰੇ, ਸਿਨੇਮਾ, ਝਲਕ/ਪ੍ਰੀਵਿਊ ਥੀਏਟਰ, ਨਿੱਜੀ ਵਿਦਿਅਕ ਅਤੇ ਮੈਡੀਕਲ ਸੰਸਥਾਵਾਂ ਵਿੱਚ ਕੋਈ ਵੀ ਕਾਰੋਬਾਰ/ਸਥਾਪਨਾ, ਈ.ਐਸ.ਆਈ. ਐਕਟ ਅਧੀਨ ਕਵਰ ਕੀਤੇ ਜਾਣ ਵਾਲੇ ਕਰਮਚਾਰੀ ਦੀ ਮੌਜੂਦਾ ਤਨਖਾਹ ਸੀਮਾ 21 ਹਜ਼ਾਰ ਰੁਪਏ ਪ੍ਰਤੀ ਮਹੀਨਾ ਹੈ ਅਤੇ ਜੇਕਰ ਕਰਮਚਾਰੀ ਦੀ ਕੋਈ ਅਪੰਗਤਾ ਹੈ, ਤਾਂ ਕਵਰੇਜ ਲਈ ਤਨਖਾਹ ਸੀਮਾ 25 ਹਜ਼ਾਰ ਰੁਪਏ ਪ੍ਰਤੀ ਮਹੀਨਾ ਹੈ, ਸ਼ਾਮਲ ਹਨ।

# ਤਿੰਨ ਰੋਜਾ ਕ੍ਰਿਕਟ ਟੂਰਨਾਮੈਂਟ (ਅੰਡਰ 23) ਵਿੱਚ ਗੋਬਿੰਦਗੜ੍ਹ ਦੀ ਟੀਮ ਜੇਤੂ ਰਹੀ



**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਯੰਗ ਸਟਾਰ ਸਪੋਰਟਸ ਕਲੱਬ ਸਮਰਾਲਾ ਵੱਲੋਂ ਚੌਥਾ ਤਿੰਨ ਰੋਜਾ ਸ਼ਾਨਦਾਰ (ਅੰਡਰ 23) ਕ੍ਰਿਕਟ ਟੂਰਨਾਮੈਂਟ ਜੋ ਕਿ ਸ਼ਾਹੀ ਸਪੋਰਟਸ ਕਾਲਜ ਸਮਰਾਲਾ ਆਪਣੀਆਂ ਅਮਿੱਟ ਯਾਦਾਂ ਛੱਡਦਾ ਅੱਜ ਸਮਾਪਤ ਹੋ ਗਿਆ। ਇਸ ਟੂਰਨਾਂਮੈਂਟ ਸਬੰਧੀ ਜਾਣਕਾਰੀ ਦਿੰਦੇ ਹੋਏ ਸਪੋਰਟਸ ਕਲੱਬ ਦੇ ਅਹੁਦੇਦਾਰ ਜੱਸ ਬੇਦੀ, ਸਾਹਿਬ ਅਤੇ ਅੱਛਰ ਨੇ ਦੱਸਿਆ ਕਿ ਇਸ ਟੂਰਨਾਮੈਂਟ ਦਾ ਉਦਘਾਟਨ ਨਗਰ ਕੌਂਸਲ ਦੇ ਸੀਨੀਅਰ ਵਾਈਸ ਪ੍ਰਧਾਨ ਸਨੀ ਦੂਆ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ। ਇਸ ਟੂਰਨਾਮੈਂਟ ਵਿੱਚ ਪੰਜਾਬ ਭਰ ਤੋਂ ਨਾਮੀ ਟੀਮਾਂ ਨੇ ਭਾਗ ਲਿਆ। ਜਿਸ ਵਿੱਚ ਫਾਈਨਲ ਮੁਕਾਬਲਾ ਸਾਹਨੇਵਾਲ ਅਤੇ ਗੋਬਿੰਦਗੜ੍ਹ ਦੀਆਂ ਟੀਮਾਂ ਵਿਚਕਾਰ ਹੋਇਆ। ਜਿਸ ਵਿੱਚ ਗੋਬਿੰਦਗੜ੍ਹ ਦੀ ਟੀਮ ਜੇਤੂ ਰਹੀ। ਪਹਿਲੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15000 ਰੁਪਏ ਅਤੇ ਸਨਮਾਨ ਚਿੰਨ੍ਹ ਦਿੱਤਾ ਗਿਆ। ਦੂਸਰੇ ਨੰਬਰ ਵਾਲੀ ਟੀਮ ਨੂੰ 9100 ਰੁਪਏ ਅਤੇ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਤੀਸਰੇ ਨੰਬਰ ਤੇ ਭੌਰਲਾ ਦੀ ਟੀਮ ਰਹੀ ਜਿਸਨੂੰ 4100 ਅਤੇ ਸਨਮਾਨ ਚਿੰਨ੍ਹ ਦਿੱਤਾ ਗਿਆ। ਚੌਥੇ ਸਥਾਨ ਤੇ ਖਨਿਆਣ ਦੀ ਟੀਮ ਨੂੰ 2100 ਅਤੇ ਸਨਮਾਨ ਚਿੰਨ੍ਹ ਦਿੱਤਾ ਗਿਆ। ਇਸ ਟੂਰਨਾਮੈਂਟ ਦੇ ਬੈਸਟ ਖਿਡਾਰੀ ਕਰਨ ਨੂੰ ਇਨਾਮ ਵਿੱਚ ਕੂਲਰ ਦਿੱਤਾ ਗਿਆ। ਬੈਟਸ ਬਾਲਰ ਅਤੇ ਬੈਸਟ ਬੈਟਸਮੈਨ ਨੂੰ ਛੱਤ ਵਾਲਿਆਂ ਨਾਲ ਸਨਮਾਨਿਤ ਕੀਤਾ ਗਿਆ। ਕ੍ਰਿਕਟ ਟੂਰਨਾਮੈਂਟ ਦੇ ਆਖਰੀ ਦਿਨ ਬਤੌਰ ਮੁੱਖ ਮਹਿਮਾਨ ਕਾਂਗਰਸੀ ਹਲਕਾ ਇੰਚਾਰਜ ਸਮਰਾਲਾ ਅਤੇ ਪੁਲਿਸ ਜ਼ਿਲ੍ਹਾ ਖੰਨਾ ਦੇ ਪ੍ਰਧਾਨ ਰੁਪਿੰਦਰ ਸਿੰਘ ਰਾਜਾ ਗਿੱਲ ਪਹੁੰਚੇ ਜਿਨ੍ਹਾਂ ਨੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕੀਤੇ। ਇਸ ਮੌਕੇ ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਖੇਡਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦੀਆਂ ਹਨ, ਇਸ ਲਈ ਬੱਚਿਆਂ ਨੂੰ ਵੱਧ ਤੋਂ ਖੇਡਾਂ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਦੁਆਰਾ ਕਲੱਬ ਦੀ ਹੌਸਲਾ ਅਫਜਾਈ ਲਈ ਨਕਦ ਰਾਸ਼ੀ ਵੀ ਦਿੱਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਸ਼ਾਲ ਭਾਰਤੀ, ਰੂਪਮ ਗੰਭੀਰ, ਹਰਚੰਦ ਸਿੰਘ ਮਲਕਪੁਰ, ਗੁਰਮੁੱਖ ਸਿੰਘ ਬੁੱਲੇਪੁਰ, ਐਸ. ਕੇ ਰੌਬਨ ਟਰਾਫੀ ਲੁਧਿਆਣਾ, ਦਰਸ਼ਨ ਸਿੰਘ ਉੱਘੇ ਸਮਾਜ ਸੇਵੀ ਤੋਂ ਇਲਾਵਾ ਹੋਰ ਆਗੂ ਵੀ ਹਾਜਰ ਸਨ। ਇਸ ਟੂਰਨਾਂਮੈਂਟ ਨੂੰ ਸਫਲਤਾ ਪੂਰਬਕ ਨੇਪਰੇ ਚਾੜ੍ਹਨ ਲਈ ਜਸ ਬੇਦੀ, ਗੱਗੀਠ ਅੱਛ੍ਰਰ, ਸਾਹਿਬ, ਰੋਹਿਤ, ਹਰਮਨ, ਪ੍ਰਦੀਪ, ਸੰਜੇ, ਸੌਰਵ, ਕਰਨ ਮਨਵਿੰਦਰ, ਹਰਜੋਤ ਆਦਿ ਤੋਂ ਇਲਾਵਾ ਸਮੂਹ ਕਲੱਬ ਮੈਂਬਰਾਂ ਨੇ ਦਿਨ ਰਾਤ ਇੱਕ ਕਰ ਦਿੱਤੀ। ਇਸ ਮੌਕੇ ਆਈਆਂ ਟੀਮਾਂ ਨੂੰ ਵਧੀਆ ਰਿਫੈਰਸ਼ਮੈਂਟ ਦਿੱਤੀ।

# ਕਰੋਨਾ ਮਹਾਮਾਰੀ ਵਿਚ ਕੰਮ ਕਰਨ ਵਾਲੇ ਯੋਧੇ ਦਰਜਾ ਚਾਰ ਮੁਲਾਜ਼ਮਾਂ ਨੂੰ 2020 ਵਿੱਚ ਰੱਖਿਆ ਗਿਆ ਇਕ ਸਾਲ ਛੇ , ਸੱਤ ਮਹੀਨੇ ਸੱਤ - ਸੱਤ ਹਜ਼ਾਰ ਤੇ ਕੰਮ ਕਰਵਾ ਕੇ ਸੜਕਾਂ ਤੇ ਰੌਲ ਦਿੱਤਾ ਗਿਆ

**ਪਟਿਆਲਾ/ਇਕਬਾਲ ਸਿੰਘ:** ਕਰੋਨਾ ਮਹਾਂਮਾਰੀ ਵਿੱਚ ਕੰਮ ਕਰਨਾ ਵਾਲੇ ਕਰੋਨਾ ਯੋਧੇ ਦਰਜਾ-4 ਮੁਲਾਜਮਾਂ ਨੂੰ 2020 ਵਿੱਚ ÷ਰਾਜਿੰਦਰਾ ਹਸਪਤਾਲ÷ (ਪਟਿਆਲਾ) ਵਿੱਚ ਰੱਖਿਆ ਗਿਆ ਸੀ !ਇੰਨੀ ਮਹਾਂਮਾਰੀ ਵਿੱਚ 1 ਸਾਲ 6 ਮਹੀਨੇ 7-7 ਹਜ਼ਾਰ ਰੁਪਏ ਤੇ ਕੰਮ ਕਰਵਾ ਕੇ ਸੜਕਾਂ ਤੇ ਰੋਲ ਗਿਆ ਦਿੱਤਾ। ਪੰਜਾਬ ਸਰਕਾਰ ਨੇ 30/09/2021 ਨੂੰ ਇੱਕ ਲੈਟਰ ਕੱਢ ਕੇ ਦਰਜਾ-4 (ਕਰੋਨਾ ਯੋਧਿਆਂ) ਦੇ ਸਾਰੇ ਮੁਲਾਜਮਾਂ ਨੂੰ ਡਿਊਟੀਆਂ ਤੋਂ ਫਾਰਗ ਕੀਤਾ ਗਿਆ ਸੀ। ਜਿਸ ਨੂੰ ਲੈਕੇ ਦਰਜਾ-4 ਕਰੋਨਾ ਯੋਧਿਆਂ ਨੇ ਬਹੁਤ ਹੀ ਰੋਸ ਪ੍ਰਗਟ ਕੀਤਾ ਅਤੇ ਪੰਜਾਬ ਸਰਕਾਰ ਦੇ ਖਿਲਾਫ਼ ਬਹੁਤ ਧਰਨੇ ਮੁਜਾਹਰੇ ਵੀ ਕੀਤੇ ਪਰ ਸਾਨੂੰ ਪੰਜਾਬ ਸਰਕਾਰ ਤੋਂ ਸਿਰਫ ਲਾਰੇ ਤੇ ਸੜਕਾਂ ਤੇ ਧੱਕੇ ਹੀ ਮਿਲੇ। ਫੇਰ 2 ਮਹੀਨੇ ਤੱਕ ਸਾਡਾ ਪੱਕਾ ਮੋਰਚਾ ਰਾਜਿੰਦਰਾ ਹਸਪਤਾਲ ਦੀ ਨਵੀ ਕਾਰ ਪਾਰਕਿੰਗ ਤੇ ਲਗਾਇਆ ਗਿਆ ਸੀ ਅਤੇ ਸਾਡੇ ਦਰਜਾ-4 ਦੇ ਕੁਝ ਮੁਲਾਜਮ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਮਰਨ ਵਰਤ ਤੇ ਵੀ ਬੈਠੇ ਸੀ ! ਅਤੇ ਆਮ ਆਦਮੀ ਪਾਰਟੀ ਦੇ ਆਗੂ ਸ.ਭਗਵੰਤ ਸਿੰਘ ਮਾਨ ਜੀ ਨੇ ਆਕੇ ਓਨਾ ਮੁਲਾਜਮਾਂ ਦਾਂ ਮਾਰਨ ਵਰਤ ਖੁਲਵਾਇਆ ਸੀ ਤੇ ਸਾਨੂੰ ਕਰੋਨਾ ਯੋਧਿਆਂ ਨੂੰ ਯਕੀਨ ਦਵਾਏਆ ਸੀ ਅਗਰ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਂਦੀ ਆ ਤਾਂ ਕਰੋਨਾ ਪਹਿਲਾਂ ਹਰਾ ਪੈਨ ਅਸੀਂ ਕਰੋਨਾ ਯੋਧਿਆਂ ਦੇ ਲਈ ਇਸਤੇਮਾਲ ਕਰਾ ਗੇ ਸਾਰੇ ਕਰੋਨਾ ਯੋਧਿਆਂ ਨੂੰ ਅਸੀਂ ਪਹਿਲ ਦੇ ਅਧਾਰ ਤੇ ਪੱਕੇ ਕਰਾ ਗੇ ! ਅਸੀਂ ਆਪਣਾ ਬਾਅਦਾ ਪੂਰਾ ਕੀਤਾ ਅਸੀਂ ਤਹਿ ਦਿਲੋਂ ਆਮ ਅਮਦੀ ਪਾਰਟੀ ਦਾ ਸਹਿਜੋਗ ਕੀਤਾ ਸਾਨੂੰ ਪੂਰੀ ਉਮੀਦ ਆ ਕੀ ਮੌਕੇ ਦੇ ਪੰਜਾਬ 3$ ਸ. ਭਗਵੰਤ ਸਿੰਘ ਮਾਨ ਜੀ ਨੇ ਜੋ ਕਰੋਨਾ ਯੋਧਿਆਂ ਨਾਲ ਵਾਅਦਾ ਕੀਤਾ ਸੀ ਉਹ ਪੂਰੇ ਤਹਿ ਦਿਲੋਂ ਉਸ ਵਾਅਦੇ ਤੇ ਖ਼ਰੇ ਉਤਰਨ ਗੇ,ਇਸ ਲਈ ਮਿਤੀ 19.04.2022 ਨੂੰ ਸਵੇਰੇ 11ਵਜੇ ਰਾਜਿੰਦਰਾ ਹੌਸਪੀਟਲ ਤੋਂ ਫੁੱਵਾਰਾ ਚੋਂਕ ਤਕ ਅਪਣਾਇਆ ਮੰਗਾ ਨੂੰ ਯਾਦ ਕਰਵਾਉਣ ਲਈ ਰੋਡ ਮਾਰਚ ਕਿਤਾ ਜਾਵੇਗਾ।

# ਮਨਸਿਮਰਤ ਸਿੰਘ ਸ਼ੈਰੀ ਰਿਆੜ ਜਵਾਹਰ ਬਾਲ ਮੰਚ ਦੇ ਸਟੇਟ ਕੋਆਰਡੀਨੇਟਰ ਨਿਯੁਕਤ

ਪਟਿਆਲਾ/ਇਕਬਾਲ ਸਿੰਘ

ਕਾਂਗਰਸ ਵੱਲੋਂ ਜਵਾਹਰ ਬਾਲ ਮੰਚ ਦੀ ਨਵੀਂ ਇਕਾਈ ਪੁਨਰਗਠਨ ਗਠਨ ਕੀਤਾ ਗਿਆ ਹੈ। ਜਿਸ ਵਿੱਚ ਹਲਕਾ ਸਨੌਰ ਤੋਂ ਕਾਂਗਰਸ ਦੇ ਸੀਨੀਅਰ ਆਗੂ ਮਨਸਿਮਰਤ ਸਿੰਘ ਸ਼ੈਰੀ ਰਿਆੜ ਨੂੰ ਸਟੇਟ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ, ਜਿਸ ਨਾਲ ਸ਼ੈਰੀ ਰਿਆੜ ਦੇ ਸਮਰਥਕਾਂ ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਸ ਨਿਯੁਕਤੀ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਮਨਸਿਮਰਤ ਸਿੰਘ ਸ਼ੈਰੀ ਰਿਆੜ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਆਪਣੇ ਵਰਕਰਾਂ ਨੂੰ ਉਹਨਾਂ ਵੱਲੋਂ ਕੀਤੀ ਮਿਹਨਤ ਦੇ ਅਨੁਸਾਰ ਮਾਣ ਸਨਮਾਨ ਦਿੰਦੀ ਰਹੀ ਹੈ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਾਣ ਸਨਮਾਨ ਦਿੰਦੀ ਰਹੇਗੀ। ਉਹਨਾਂ ਕਿਹਾ ਕਿ ਕਾਂਗਰਸ ਇੱਕ ਅਜਿਹਾ ਸੰਗਠਨ ਹੈ ਜਿਸ ਵਿੱਚ ਆਮ ਘਰਾਂ ਦੇ ਲੜਕੀਆਂ ਅਤੇ ਲੜਕਿਆਂ ਨੂੰ ਮੌਕਾ ਮਿਲਦਾ ਹੈ ਅਤੇ ਉਹ ਆਪਣੇ ਵੱਲੋਂ ਸਖ਼ਤ ਮਿਹਨਤ



ਕਰਕੇ ਆਪਣੇ ਮੁਕਾਮ ਤੇ ਪਹੁੰਚ ਸਕਦੇ ਹਨ ਅਤੇ ਆਪਣੇ ਇਲਾਕੇ, ਆਪਣੇ ਜ਼ਿਲ੍ਹੇ ਦੀ ਅਤੇ ਪੰਜਾਬ ਦੇ ਲੋਕਾਂ ਦੀ ਆਵਾਜ਼ ਬਣ ਸਕਦੇ ਹਨ। ਉਹਨਾਂ ਕਿਹਾ ਕਿ ਅੱਜ ਮੈਨੂੰ ਮਾਣ ਹੈ ਕਿ ਮੈਂ ਕਾਂਗਰਸ ਪਾਰਟੀ ਨਾਲ ਜੁੜਿਆ ਹਾਂ ਅਤੇ ਮੇਰੀ ਮਿਹਨਤ ਨੂੰ ਦੇਖਦਿਆਂ ਹੋਇਆਂ ਮੈਨੂੰ ਜਵਾਹਰ ਬਾਲ ਮੰਚ ਦਾ ਸਟੇਟ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਉਹਨਾਂ ਕਿਹਾ ਕਿ ਪਹਿਲਾਂ ਵੀ ਪਾਰਟੀ ਵੱਲੋਂ ਜਿੱਥੇ ਕਿਤੇ ਵੀ ਮੇਰੀ ਡਿਊਟੀ ਲਗਾਈ ਗਈ ਹੈ, ਮੈਂ ਆਪਣੇ ਵੱਲੋਂ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਈ ਹੈ ਅਤੇ ਹੁਣ ਇਹ ਮਿਲੀ ਵੱਡੀ ਜ਼ਿੰਮੇਵਾਰੀ ਨੂੰ ਵੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗਾ ਅਤੇ ਕਾਂਗਰਸ ਪਾਰਟੀ ਦਾ ਝੰਡਾ ਬੁਲੰਦ ਕਰਨ ਲਈ ਆਪਣੇ ਵੱਲੋਂ ਹਰ ਬਣਦਾ ਯੋਗਦਾਨ ਪਾਉਂਦਾ ਰਹਾਂਗਾ। ਇਸ ਦੌਰਾਨ ਉਹਨਾਂ ਨੇ ਸਮੁੱਚੀ ਹਾਈਕਮਾਨ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਜੀ, ਸ੍ਰੀ ਰਾਹੁਲ ਗਾਂਧੀ ਜੀ, ਪ੍ਰਿਯੰਕਾ ਗਾਂਧੀ ਵਾਡਰਾ ਜੀ, ਸ੍. ਨਵਜੋਤ ਸਿੰਘ ਸਿੱਧੂ ਜੀ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ, ਇੰਡੀਅਨ ਯੂਥ ਕਾਂਗਰਸ ਦੇ ਇੰਚਾਰਜ ਕ੍ਰਿਸ਼ਨਾ ਅਲਵਾਰੂ ਜੀ, ਪ੍ਰਧਾਨ ਬੀ.ਵੀ ਸ੍ਰੀਨਿਵਾਸ ਜੀ, ਰਾਸ਼ਟਰੀ ਚਅਰਮੈਨ ਡਾਕਟਰ ਜੀ.ਵੀ ਹਰੀ ਜੀ, ਨੈਸ਼ਨਲ ਕੋਆਰਡੀਨੇਟਰ ਹਸਨ ਅਮਨ ਜੀ, ਸਟੇਟ ਚੀਫ਼ ਕੋਆਰਡੀਨੇਟਰ ਹਰਸਿਮਰਨ ਕੌਰ ਬਾਜਵਾ ਦਾ ਧੰਨਵਾਦ ਕੀਤਾ।

# ਸੰਤ ਨਗਰ ਦੇ ਸੰਤਾਂ ਨੇ ਕੁਟੀਆ ਵਿੱਚ ਮਨਾਇਆ ਭਗਵਾਨ ਸ੍ਰੀ ਹਨੂੰਮਾਨ ਜੀ ਦਾ ਜਨਮ ਉਤਸਵ ਹਲਕਾ ਪਟਿਆਲਾ ਦਿਹਾਤੀ ਵੱਲੋਂ ਕੀਤੀ ਗਈ ਸ਼ਿਰਕਤ



ਪਟਿਆਲਾ/ਇਕਬਾਲ ਸਿੰਘ

ਸੰਤ ਨਗਰ ਦੇ ਵਿਚ ਸੰਤਾਂ ਦੀ ਕੁਟੀਆ ਵਿੱਚ ਭਗਵਾਨ ਸ੍ਰੀ ਹਨੂੰਮਾਨ ਜੀ ਦਾ ਜਨਮ ਦਿਨ ਉਤਸਵ ਮਨਾਇਆ ਗਿਆ। ਐਮ ਐੱਲ ਏ ਡਾ. ਬਲਵੀਰ ਦਿਹਾਤੀ ਦੇ ਵੱਲੋਂ ਵਿਸ਼ੇਸ਼ ਤੌਰ ਤੇ ਕੀਤੀ ਗਈ ਸ਼ਿਰਕਤ ਉਥੇ ਹੀ ਭਗਵਾਨ ਹਨੂੰਮਾਨ ਜੀ ਦੇ ਚਰਨਾਂ ਵਿਚ ਹਾਜਰੀ ਲਗਵਾਉਦੇ ਹੋਏ ਉਹਨਾਂ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਬਲਬੀਰ ਸਿੰਘ ਜੀ ਨੇ ਇਸ ਮੌਕੇ ਕਿਹਾ ਕਿ ਹਨੂੰਮਾਨ ਜੀ ਦੀ ਜੈਅੰਤੀ ਦੇ ਮੌਕੇ ਮੈਂ ਸਾਰਿਆਂ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ। ਪ੍ਰਹੈ ਹਨੂਮਾਨ ਜੀ ਨੂੰ ਸੰਕਟ ਮੋਚਨ ਵੀ ਕਿਹਾ ਜਾਂਦਾ ਹੈ ਉਨ੍ਹਾਂ ਦੀ ਅਪਾਰ ਕਿਰਪਾ ਹੋਈ ਹੈ ਕਿ ਪੰਜਾਬ ਵਿੱਚ ਸੰਕਟ ਮੋਚਨ ਦੀ ਸਰਕਾਰ ਬਣੀ ਹੈ ਅਤੇ ਜੋ ਅਸੀਂ ਲੋਕਾਂ ਨਾਲ ਵਾਅਦੇ ਕੀਤੇ ਹਨ ਉਹ ਸਾਰੇ ਵਾਅਦੇ ਪੂਰੇ ਕਰਾਂਗੇ। ਅਸੀਂ ਪ੍ਰਣ ਕਰਦੇ ਹਾਂ ਅਸੀਂ ਆਪਣਾ ਕੰਮ ਪੂਰੀ ਇਮਾਨਦਾਰੀ ਨਾਲ ਕਰਾਂਗੇ। ਮੈਂ ਇੱਕ ਵਾਰ ਫੇਰ ਇਸ ਮੌਕੇ ਤੇ ਸਭ ਨੂੰ ਲੱਖ ਲੱਖ ਵਧਾਈਆਂ ਦਿੰਦਾ ਹਾਂ।

# ਪਟਿਆਲਾ ਫੁਹਾਰਾ ਚੌਂਕ ਵਿੱਚ 1158 ਸਹਾਇਕ ਪ੍ਰੋਫੈਸਰ ਨੇ ਕੀਤਾ ਰੋਸ ਪ੍ਰਦਰਸ਼ਨ

ਪਟਿਆਲਾ/ਇਕਬਾਲ ਸਿੰਘ

ਪਟਿਆਲਾ ਦੇ ਫੁਹਾਰਾ ਚੌਂਕ ਦੇ 1158 ਸਹਾਇਕ ਪ੍ਰੋਫੈਸਰ ਆਗੂਆਂ ਵੱਲੋਂ ਸਰਕਾਰ ਖਿਲਾਫ ਕੀਤਾ ਰੋਸ ਪ੍ਰਦਰਸ਼ਨ। 1158 ਸਹਾਇਕ ਪ੍ਰੋਫੈਸਰ ਲਾਇਬਰੇਰੀਅਨ ਪੰਜਾਬ ਦੇ ਸੱਦੇ ਦੇਸ਼ ਅਤੇ ਪੰਜਾਬ ਦੇ ਛੇ ਸ਼ਹਿਰ ਪਟਿਆਲਾ, ਬਰਨਾਲਾ, ਅਬੋਹਰ ਅੰਮ੍ਰਿਤਸਰ, ਜਲੰਧਰ ਅਤੇ ਮੁਹਾਲੀ ਦੇ ਵੱਲੋਂ ਪ੍ਰਦਰਸ਼ਨ ਕੀਤਾ ਗਿਆ 1158 ਸਹਾਇਕ ਪ੍ਰੋਫੈਸਰ ਅਤੇ ਲਾਭ ਦੇਣ ਦੀ ਭਰਤੀ ਦੇਣ ਦੇ ਉਮੀਦਵਾਰਾਂ ਵਿਚ ਇਕੱਠੇ ਹੋ ਕੇ ਸਰਕਾਰ ਦੇ ਖਿਲਾਫ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਮਾਨਿਆਂ ਹਾਈਕੋਰਟ ਵਿਚ ਲਟਕ ਰਹੀਆ ਭਰਤੀਆ ਸਬੰਧੀ ਬਣਾਏ ਗਏ ਚਾਰਟ ਹੱਥ ਵਿੱਚ ਫੜ ਕੇ ਆਮ ਜਨਤਾ ਦੀ ਅਦਾਲਤ ਵਿਚ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਉਥੇ ਹੀ ਫਰੰਟ ਦੇ ਆਗੂ ਪਰਮਜੀਤ ਸਿੰਘ ਦੇ ਵੱਲੋਂ ਕਿਹਾ ਗਿਆ ਕਿ ਜਿਨ੍ਹਾਂ ਦੇ ਬੱਚੇ ਪੜ ਰਹੇ ਹਨ ਉਨ੍ਹਾਂ ਕਾਰਜਾਂ ਦਾ ਭਵਿੱਖ ਹਨੇਰੇ ਵਿਚ ਹੈ। ਉਨ੍ਹਾਂ ਕਿਹਾ ਕਿ ਪਿਆਰੇ ਸਾਥਿਓ ਆਪਣੇ ਪੰਜਾਬ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਾਡੇ ਪੰਜਾਬ ਦੇ ਨੌਜਵਾਨ ਪਰਵਾਸੀ ਹੋ ਰਹੇ ਹਨ। ਸੋਚਣ ਸਮਝਣ ਵਾਲੀ ਗੱਲ ਇਹ ਹੈ ਕਿ ਪੰਜਾਬ ਦਾ ਨੌਜਵਾਨ ਬਾਹਰ ਕਿਉਂ ਜਾ ਰਿਹਾ ਹੈ ਇਸ ਦਾ ਇਕੋ-ਇਕ ਕਾਰਨ ਇਹ ਹੈ ਕਿ ਪੰਜਾਬ ਵਿਚ ਰੋਜ਼ਗਾਰ ਨਹੀਂ ਪੰਜਾਬ ਚ ਨੌਕਰੀਆ ਨਹੀਂ ਹਨ। ਇਸ ਕਰਕੇ ਨੌਜਵਾਨਾਂ ਨੂੰ ਬਾਹਰ ਜਾਣਾ ਪੈ ਰਿਹਾ ਹੈ ਸਾਥੀਓ ਜੇ ਇਥੇ ਰੋਜ਼ਗਾਰ ਹੋਵੇਗਾ ਤਾਂ ਸਾਡੇ ਨੋਜਵਾਨ ਆਪਣੀ ਜਨਮ ਭੂਮੀ ਨੂੰ ਛੱਡ ਕੇ ਵਿਦੇਸ਼ ਨਹੀਂ ਜਾਣਗੇ ਸੋ ਸਾਡੇ ਪੰਜਾਬ ਸਰਕਾਰ ਨੂੰ ਬੇਨਤੀ ਹੈ ਕੀ ਪੰਜਾਬ ਚ ਨੌਕਰੀਆਂ ਪ੍ਰਦਾਨ ਕੀਤੀਆਂ ਜਾਣ ਰੁਜ਼ਗਾਰ ਪੈਦਾ ਕੀਤੇ ਜਾਣ ਤਾਂ ਕਿ ਪੰਜਾਬ ਦੇ ਨੌਜਵਾਨ ਇਥੇ ਹੀ ਰਹਿ ਕੇ ਆਪਣੇ ਪਰਿਵਾਰਾਂ ਨੂੰ ਰੁਜ਼ਗਾਰ ਦੇ ਸਕਣ ਵਿਕਾਸ ਕਰ ਸਕਣ ਮੈਂ ਬੇਨਤੀ ਕਰਦਾ ਹਾਂ ਕਿ ਹੁਣ ਤੱਕ ਸਰਕਾਰ ਵੱਲੋਂ ਜਿੰਨੀਆ ਭਰਤੀਆਂ ਕੱਢੀਆਂ ਗਈਆਂ ਹਨ ਅਤੇ ਜਿੰਨੀਆਂ ਵੀ ਕੋਰਟ ਵਿਚ ਲਟਕ ਰਹੀਆਂ ਹਨ ਸਰਕਾਰ ਉਨ੍ਹਾਂ ਵੱਲ ਧਿਆਨ ਦੇਣ। ਉਹਨਾਂ ਨੂੰ ਨੇਪਰੇ ਚਾੜ੍ਹਨ ਅਤੇ ਜੋ ਬੱਚੇ ਸਿਲੈਕਟ ਹੋ ਚੁੱਕੇ ਹਨ ਟੈਸਟ ਪਾਸ ਕਰ ਚੁੱਕੇ ਹਨ। ਉਹ ਆਪਣੀਆਂ ਨੌਕਰੀਆਂ ਤੇ ਜਾ ਸਕਣ ਅਤੇ ਆਪਾ ਸਾਰੇ ਰਲ ਕੇ ਆਪਣੇ ਪੰਜਾਬ ਨੂੰ ਇਸ ਢੰਗ ਨਾਲ ਬਚਾਅ ਸਕੀਏ। ਅਸੀਂ 1158 ਫਰੰਟ ਵੱਲੋਂ ਇਹ ਬੇਨਤੀ ਕਰਦੇ ਹਾਂ ਕਿ ਸਾਡੀਆ ਇਹ ਮੰਗਾ ਨੂੰ ਜਲਦੀ ਤੋਂ ਜਲਦੀ ਨੇਪਰੇ ਚਾੜ੍ਹਿਆ ਜਾਵੇ ।

# ਕਮਿਸ਼ਨਰ ਪੁਲਿਸ ਵੱਲੋਂ ਵੱਖ-ਵੱਖ ਪਾਬੰਦੀ ਹੁਕਮ ਜਾਰੀ

ਲੁਧਿਆਣਾ/ਸੁਖਚੈਨ ਮਹਿਰਾ
,ਵਰਿੰਦਰ ਪ੍ਰਕਾਸ਼ ਭਾਂਬਰੀ

ਪੁਲਿਸ ਕਮਿਸ਼ਨਰ ਲੁਧਿਆਣਾ ਸ੍ਰੀ ਕੌਸਤੁਭ ਸ਼ਰਮਾ, ਆਈ.ਪੀ.ਐਸ. ਵੱਲੋਂ ਜ਼ਾਬਤਾ ਫੌਜਦਾਰੀ ਸੰਘਤਾ 1973(1974 ਦਾ ਐਕਟ ਨੰ 2) ਦੀ ਧਾਰਾ 144 ਅਧੀਨ ਸੌਂਪੇ ਗਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੁਲਿਸ ਕਮਿਸ਼ਨਰੇਟ, ਲੁਧਿਆਣਾ ਦੇ ਇਲਾਕੇ ਅੰਦਰ ਵੱਖ-ਵੱਖ ਤਰ੍ਹਾਂ ਦੇ ਪਾਬੰਦੀ ਹੁਕਮ ਜਾਰੀ ਕੀਤੇ ਹਨ।

ਸ੍ਰੀ ਸ਼ਰਮਾ ਨੇ ਆਪਣੇ ਹੁਕਮਾਂ ਵਿੱਚ ਕਿਹਾ ਕਿ ਉਨ੍ਹਾ ਦੇ ਧਿਆਨ ਵਿੱਚ ਆਇਆ ਹੈ ਕਿ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਰਾਤ ਸਮੇ ਕਾਫੀ ਦੇਰ ਤੱਕ ਦੁਕਾਨਾਂ, ਹੋਟਲ, ਰੈਸਟੋਰੈਂਟ, ਢਾਬੇ, ਸ਼ਰਾਬ ਦੇ ਠੇਕੇ, ਕਲੱਬ, ਆਈਸਕ੍ਰੀਮ ਪਾਰਲਰ, ਸਟੂਡਿਓ ਅਤੇ ਪੱਬ ਵਗੈਰਾ ਖੁੱਲੇ ਰਹਿੰਦੇ ਹਨ ਜਿੱਥੇ ਲੋਕ ਇਨ੍ਹਾਂ ਦੁਕਾਨਾਂ ਦੇ ਬਾਹਰ ਖੁੱਲੇਆਮ ਗੱਡੀਆਂ ਵਿੱਚ ਬੈਠਕੇ ਸ਼ਰਾਬ ਆਦਿ ਦਾ ਸੇਵਨ ਕਰਦੇ ਹਨ, ਜਿਸ ਕਰਕੇ ਲੜਾਈ-ਝਗੜਾ ਅਤੇ ਲੁੱਟਾਂ-ਖੋਹਾਂ ਹੋਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ।

ਇਸ ਲਈ ਰਾਤ ਦੇ ਸਮੇ ਹੋਟਲ/ਢਾਬਿਆਂ ਅਤੇ ਸ਼ਰਾਬ ਦੇ ਠੇਕਿਆਂ @ਤੇ ਅਜਿਹੀਆਂ ਗੈਰ ਕਾਨੂੰਨੀ ਘਟਨਾਵਾ ਨੂੰ ਰੋਕਣ ਲਈ ਪਬਲਿਕ



ਹਿੱਤ ਵਿਚ ਵਿਸ਼ੇਸ ਕਦਮ ਚੁੱਕਦਿਆਂ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਇਲਾਕੇ ਵਿੱਚ ਰਾਤ ਸਮੇ ਦੁਕਾਨਾਂ, ਹੋਟਲ, ਰੈਸਟੋਰੈਂਟ, ਢਾਬੇ, ਸ਼ਰਾਬ ਦੇ ਠੇਕੇ, ਕਲੱਬ, ਆਈਸਕ੍ਰੀਮ ਪਾਰਲਰ, ਸਟੂਡਿਓ ਅਤੇ ਪੱਬ ਵਗੈਰਾ ਰਾਤ ਨੂੰ 11:00 ਵਜੇ ਤੋਂ ਬਾਅਦ ਮੁਕੰਮਲ ਤੌਰ @ਤੇ ਬੰਦ ਕਰਨ ਅਤੇ ਰਾਤ 10:30 ਵਜੇ ਤੋਂ ਬਾਅਦ ਕੋਈ ਆਰਡਰ ਨਾ ਲੈਣ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ।

ਇੱਕ ਹੋਰ ਹੁਕਮਾਂ ਵਿੱਚ ਉਨ੍ਹਾ ਦੱਸਿਆ ਕਿ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਕਈ ਘਰਾਂ/ਦੁਕਾਨਾਂ ਦੇ ਬਾਹਰ ਸਮਾਨ ਰੱਖਕੇ ਵੇਚਿਆ ਜਾਂਦਾ ਹੈ, ਜਿਸ ਕਾਰਨ ਜਿੱਥੇ ਟ੍ਰੈਫਿਕ ਵਿੱਚ ਵਿਘਨ ਪੈਂਦਾ ਹੈ ਅਤੇ ਆਮ ਪਬਲਿਕ ਨੂੰ ਟ੍ਰੈਫਿਕ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਘਰਾਂ/ਦੁਕਾਨਾਂ ਦੇ ਬਾਹਰ ਸਮਾਨ ਰੱਖਕੇ ਵੇਚਣ ਸਬੰਧੀ ਪੂਰਨ ਤੌਰ @ਤੇ ਪਾਬੰਦੀ ਲਗਾਈ ਹੈ। ਉਨ੍ਹਾਂ ਆਪਣੇ ਹੁਕਮਾਂ ਵਿੱਚ ਇਹ ਵੀ ਕਿਹਾ ਕਿ ਜੇਕਰ ਕਿਸੇ ਵੱਲੋਂ ਇਸਦੀ ਉਲੰਘਣਾ ਕੀਤੀ ਗਈ ਤਾਂ ਉਸਦੇ ਖਿਲਾਫ਼ ਤੁਰੰਤ ਇੱਕ ਤਰਫਾ ਕਾਰਵਾਈ ਕੀਤੀ ਜਾਵੇਗੀ।

ਇਹ ਹੁਕਮ ਜਾਰੀ ਹੋਣ ਦੀ ਮਿਤੀ ਤੋਂ ਅਗਲੇ 2 ਮਹੀਨੇ ਤੱਕ ਲਾਗੂ ਰਹਿਣਗੇ।

**- ਰਾਤ ਦੇ ਸਮੇ ਸ਼ਰਾਬ ਦੇ ਠੇਕੇ, ਦੁਕਾਨਾਂ, ਹੋਟਲ, ਰੈਸ਼ਟੋਰੈਂਟ, ਢਾਬੇ, ਕਲੱਬ, ਆਈਸਕ੍ਰੀਮ ਪਾਰਲਰ 11 ਵਜੇ ਤੋਂ ਬਾਅਦ ਖੁੱਲੇ ਰਹਿਣ 'ਤੇ ਪਾਬੰਦੀ**

**- ਰਾਤ 10:30 ਵਜੇ ਤੋਂ ਬਾਅਦ ਆਰਡਰ ਲੈਣ 'ਤੇ ਵੀ ਮਨਾਹੀ**

**- ਘਰਾਂ/ਦੁਕਾਨਾਂ ਦੇ ਬਾਹਰ ਸਮਾਨ ਰੱਖਕੇ ਵੇਚਣ 'ਤੇ ਵੀ ਲਗਾਈ ਰੋਕ**

# ਖ਼ੂਨਦਾਨ ਕੈਂਪ ਵਿੱਚ 17 ਵਿਆਕਤੀਆਂ ਵੱਲੋਂ ਕੀਤਾ ਖ਼ੂਨਦਾਨ



## ਲੋਕ ਸਿਹਤ ਮੇਲਿਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ : ਮਹਾਰਾਣੀ ਪ੍ਰਨੀਤ ਕੋਰ

**ਪਟਿਆਲਾ/ਦੇਵੀਗੜ੍ਹ/ਇਕਬਾਲ ਸਿੰਘ**

ਭਾਰਤ ਸਰਕਾਰ ਸਿਹਤ ਮੰਤਰਾਲਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਹੁਕਮਾਂ ਅਨੁਸਾਰ ਅਜਾਦੀ ਕਾ ਅਮ੍ਰਿਤ ਮਹਾਂਉਤਸਵ ਤਹਿਤ ਸਿਹਤ ਵਿਭਾਗ ਵੱਲੋਂ ਜਿਲ੍ਹਾ ਪ੍ਰਸਾਸ਼ਨ ਦੇ ਸਹਿਯੋਗ ਨਾਲ ਲੋਕਾਂ ਨੂੰ ਇੱਕ ਛੱਤ ਥੱਲੇ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਬਲਾਕ ਪ੍ਰਾਇਮਰੀ ਸਿਹਤ ਕੇਂਦਰ ਦੁਧਨਸਾਧਾਂ ਵਿਖੇ ਬਲਾਕ ਸਿਹਤ ਮੇਲਾ ਲਗਾਇਆ ਗਿਆ, ਜਿਸ ਵਿੱਚ ਮੈਂਬਰ ਪਾਰਲੀਮੈਂਟ ਪ੍ਰਨੀਤ ਕੌਰ ਵੱਲੋਂ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਮੇਲੇ ਦੀ ਸ਼ੁਰੂਆਤ ਮੌਕੇ ਉਹਨਾਂ ਵੱਲੋਂ ਸਾਰੀਆਂ ਸਟਾਲਾਂ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦੇ ਮੈਂਬਰ ਪਾਰਲੀਮੈਂਟ ਮਹਾਰਾਣੀ ਪ੍ਰਨੀਤ ਕੌਰ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਅਹਿਮ ਉਪਰਾਲੇ ਨਾਲ ਜਿਥੇ ਲੋਕਾਂ ਨੂੰ ਉਹਨਾਂ ਦੇ ਘਰਾਂ ਦੇ ਨੇੜ ? ਬਿਮਾਰੀਆਂ ਦੇ ਚੈਕਅਪ ਲਈ ਇੱਕੋ ਜਗਾ ਤੇ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਉਥੇ ਵੱਖ ਵੱਖ ਸਿਹਤ ਪ੍ਰੋਗਰਾਮਾਂ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਹੈ ਤਾਂ ਜੋ ਲੋਕ ਇਹਨਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਉਹਨਾਂ ਕਿਹਾ ਕਿ ਜਿਲੇ ਵਿੱਚ 22 ਅਪ੍ਰੈਲ 2022 ਤੱਕ ਅਜਿਹੇ 6 ਸਿਹਤ ਮੇਲੇ ਬਲਾਕ ਪੀ.ਐਚ.ਸੀ.ਪੱਧਰ ਤੇ ਲਗਾਏ ਜਾਣਗੇ ਅਤੇ ਲੋਕਾਂ ਨੂੰ ਇਹਨਾ ਸਿਹਤ ਮੇਲਿਆਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਸਿਵਲ ਸਰਜਨ ਡਾ. ਜਤਿੰਦਰ ਕਾਂਸਲ ਨੇ ਸਮੂਹ ਅਧਿਕਾਰੀਆਂ ਦਾ ਸਵਾਗਤ ਕੀਤਾ ਅਤੇ ਸਿਹਤ ਮੇਲੇ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ।

ਉਹਨਾਂ ਕਿਹਾ ਕਿ ਇਸ ਮੇਲੇ ਵਿੱਚ ਵੱਖ ਵੱਖ ਬਿਮਾਰੀਆਂ ਜਿਵੇਂ ਜਨਾਨਾ ਰੋਗਾਂ ਦੇ ਮਾਹਰ, ਬੱਚਿਆਂ ਦੇ ਮਾਹਰ, ਮੈਡੀਸਨ ਦੇ ਮਾਹਰ, ਅੱਖਾਂ, ਨੱਕ, ਕੰਨ, ਗਲਾ, ਟੀ.ਬੀ, ਦੰਦਾਂ ਦੇ ਮਾਹਰ ਡਾਕਟਰਾਂ ਵੱਲੋਂ ਚੈਕ ਅਪ ਕੀਤਾ ਗਿਆ। ਉਥੇ ਲੋਕਾਂ ਨੂੰ ਮੁਫਤ ਦਵਾਈਆਂ ਅਤੇ ਲੋੜ ?ਵੰਦ ਮਰੀਜਾਂ ਦੇ ਲੈਬ ਟੈਸਟ ਵੀ ਕੀਤੇ ਗਏ। ਕੈਂਪ ਵਿੱਚ 502 ਮਰੀਜਾਂ ਵੱਲੋਂ ਚੈਕ ਅਪ ਕਰਵਾਇਆ ਗਿਆ, 76 ਨਾਗਰਿਕਾਂ ਦੀ ਸਿਹਤ ਆਈ.ਡੀ. ਜਨਰੇਟ ਕੀਤੀ ਗਈ ਅਤੇ 13 ਯੋਗ ਨਾਗਰਿਕਾਂ ਦੇ ਆਯੁਸ਼ਮਾਨ ਸਿਹਤ ਬੀਮਾ ਯੋਜਨਾ ਦੇ ਕਾਰਡ ਵੀ ਬਣਾਏ ਗਏ। ਯੋਗਾ ਅਤੇ ਮੈਡੀਟੇਸ਼ਨ ਦੇ ਸੈਸ਼ਨ ਵੀ ਲਗਾਏ ਗਏ। ਨਸ਼ਾ ਮੁਕਤੀ ਸੈਂਟਰ ਵੱਲੋਂ ਸਟਾਲ ਲਗਾ ਕੇ ਨਸ਼ਿਆਂ ਦੇ ਛੁਟਕਾਰੇ ਲਈ ਜਾਣਕਾਰੀ ਦਿੱਤੀ ਗਈ। ਇਸ ਕੈਂਪ ਵਿੱਚ ਹਲਕਾ ਵਿਧਾਇਕ ਸਨੌਰ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਗੁਰਪ੍ਰੀਤ ਗੁਰੀ ਪੀ.ਏ. ਹਰਦੇਵ ਸਿੰਘ ਘੜ ?ਮ ਨੇ ਹਾਜਰੀ ਲਵਾਈ। ਮੇਲੇ ਵਿੱਚ ਸਹਿਯੋਗੀ ਵਿਭਾਗਾਂ ਵੱਲੋਂ ਵੀ ਆਪਣੀਆਂ ਸਟਾਲਾਂ ਲਗਾਈਆਂ ਗਈਆਂ। ਮੇਲੇ ਦੌਰਾਨ ਨੂਰ ਨਾਟਕ ਕਲਾ ਮੰਚ ਵੱਲੋਂ ਸਵੱਛਤਾ ਤੇ ਨੁੱਕੜ ? ਨਾਟਕ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਜਾਗਦੇ ਰਹੋ ਕੱਲਬ ਵੱਲੋਂ ਲਗਾਏ ਖ਼ੂਨਦਾਨ ਕੈਂਪ ਵਿੱਚ 17 ਵਿਆਕਤੀਆਂ ਵੱਲੋਂ ਖ਼ੂਨਦਾਨ ਕੀਤਾ ਗਿਆ। ਡਾ. ਮਨਜੀਤ ਕਮਲ ਵੱਲੋਂ ਸਮੂਹ ਅਧਿਕਾਰੀਆਂ ਦਾ ਧੰਨਵਾਦ ਕੀਤਾ ਗਿਆ। ਇਸ ਸਿਹਤ ਮੇਲੇ ਵਿੱਚ ਸਹਾਇਕ ਸਿਵਲ ਸਰਜਨ ਡਾ. ਵਿਕਾਸ ਗੋਇਲ, ਡਾ. ਜਸਪ੍ਰੀਤ ਸਿੰਘ ਭੱਟੀ, ਡਾ. ਅਨੂਜ ਬਾਂਸਲ, ਗੁਰਪ੍ਰੀਤ ਸਿੰਘ ਗੁਰੀ ਪੀ.ਏ., ਹਰਦੇਵ ਸਿੰਘ ਘੜ ?ਮ, ਬਲਦੇਵ ਸਿੰਘ ਦੇਵੀਗੜ ?, ਜੀਤ ਸਿੰਘ ਚੇਅਰਮੈਨ ਮਾਰਕੀਟ ਕਮੇਟੀ, ਸਿਮਰਜੀਤ ਸਿੰਘ ਸੋਹਲ ਪ੍ਰਧਾਨ ਅਨਾਜ ਮੰਡੀ ਦੁਧਨਸਾਧਾਂ, ਰਣਜੀਤ ਸਿੰਘ ਸੰਧੂ ਪ੍ਰਧਾਨ ਕੈਮਿਸਟ ਐਸੋਸੀਏਸ਼ਨ, ਰਮੇਸ਼ ਲਾਂਬਾ, ਪ੍ਰਕਾਸ਼ ਸਿੰਘ ਅਲੀਪੁਰ, ਰਾਜੀਵ ਗੋਇਲ, ਬਿਕਰਮਜੀਤ ਸਿੰਘ ਚਹਿਲ, ਮਾਸ ਮੀਡੀਆ ਅਫਸਰ ਕ੍ਰਿਸ਼ਨ ਕੁਮਾਰ, ਬੀ.ਈ.ਈ ਗੁਰਵਿੰਦਰ ਸਿੰਘ, ਜਗਦੇਵ ਸਿੰਘ ਸਰਪੰਚ ਦੁਧਨਸਾਧਾਂ, ਸਾਹਿਲ ਟੰਡਨ, ਲਾਲਜੀਤ ਸਿੰਘ ਲਾਲੀ, ਬੱਬੂ ਘੜ ?ਮ, ਲਾਲੀ ਮਿਹੋਣ, ਡਾ. ਕਰਮ ਸਿੰਘ ਰਾਜਗੜ ?, ਦਲਜੀਤ ਸਿੰਘ ਘੜ ?ਮ ਅਤੇ ਸਮੂਹ ਸਟਾਫ ਮੈਂਬਰ ਵੀ ਹਾਜਰ ਸਨ।

## ਭਗਵੰਤ ਮਾਨ ਸਰਕਾਰ ਵਿਵਾਦਾਂ 'ਚ, ਜਨਰਲ ਵਰਗ ਨਾਲ ਕੀਤਾ ਵੱਡਾ ਧੋਖਾ



**ਪਟਿਆਲਾ/ਇਕਬਾਲ ਸਿੰਘ**

ਲਗਾਤਾਰ ਸਵਾਲਾਂ ਦੇ ਘੇਰੇ ਵਿੱਚ ਘਿਰਦੀ ਜਾ ਰਹੀ ਭਗਵੰਤ ਮਾਨ ਸਰਕਾਰ ਨੂੰ ਜਨਰਲ ਵਰਗ ਨੇ ਘੇਰ ਲਿਆ ਹੈ। ਦਰਅਸਲ, 600 ਯੂਨਿਟ ਮੁਆਫੀ ਵਾਲਾ ਐਲਾਨ ਸਿਰਫ਼ ਐਸ.ਸੀ., ਐਸ.ਟੀ ਵਰਗ ਦੇ ਵਾਸਤੇ ਹੀ ਕੀਤਾ ਗਿਆ ਹੈ, ਜਦੋਂਕਿ ਜਨਰਲ ਵਰਗ ਦੇ ਨਾਲ ਸਰਕਾਰ ਨੇ ਧੋਖਾ ਕਰਦਿਆਂ ਹੋਇਆ ਜਨਰਲ ਵਰਗ ਨੂੰ ਇਸ ਵਿੱਚੋਂ ਬਾਹਰ ਕੀਤਾ ਗਿਆ ਹੈ।ਲੰਘੀ ਸ਼ਾਮ ਜਨਰਲ ਵਰਗ ਦੇ ਲੋਕਾਂ ਦੀ ਇਕ ਮੀਟਿੰਗ ਪੰਜਾਬ ਸਰਕਾਰ ਵਲੋਂ 600 ਯੂਨਿਟ ਬਿਜਲੀ ਮੁਫ਼ਤ ਦੇ ਕੀਤੇ ਐਲਾਨ ਦੌਰਾਨ ਜਨਰਲ ਵਰਗ ਨੂੰ ਇਸ ਵਿਚ ਸ਼ਾਮਿਲ ਨਾ ਕਰਨ ਨੂੰ ਲੈ ਕੇ ਇਕ ਮੀਟਿੰਗ ਅਗਰਵਾਲ ਸਭਾ ਦੇ ਪ੍ਰਧਾਨ ਸੰਜੀਵ ਕੁਮਾਰ ਸਿੰਗਲਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਵੱਖ-ਵੱਖ ਜਨਰਲ ਵਰਗ ਦੇ ਲੋਕਾਂ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਪਹੁੰਚੇ ਸਾਰੇ ਲੋਕਾਂ ਨੇ ਸਰਕਾਰ ਖ਼ਿਲਾਫ਼ ਬਿਜਲੀ ਯੂਨਿਟ ਮੁਆਫ਼ ਦੌਰਾਨ ਜਨਰਲ ਵਰਗ ਨਾਲ ਕੀਤੇ ਧੱਕੇ ਦੇ ਨਿੰਦਾ ਕੀਤੀ ਗਈ। ਸਰਕਾਰ ਵਲੋਂ ਕੀਤੀ ਧੱਕੇਸ਼ਾਹੀ ਨੂੰ ਲੈ ਕੇ ਜਨਰਲ ਵਰਗ ਵਲੋਂ ਅੱਜ 18 ਅਪ੍ਰੈਲ ਨੂੰ ਰੋਸ ਮਾਰਚ ਕੀਤਾ ਜਾਵੇਗਾ।

# ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਜ਼ਿਲ੍ਹਾ ਵਾਸੀਆਂ ਨੂੰ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ

## ਵਸਨੀਕਾਂ ਨੂੰ ਰਾਹਤ ਪ੍ਰਦਾਨ ਕਰਨਾ ਮੁੱਖ ਪਹਿਲ: ਵਿਧਾਇਕ ਗੁਰਪ੍ਰੀਤ ਬੱਸੀ ਗੋਗੀ

**ਲੁਧਿਆਣਾ/ਸੁਖਚੈਨ ਮਹਿਰਾ**

ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਅੱਜ ਜ਼ਿਲ੍ਹਾ ਵਾਸੀਆਂ ਨੂੰ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਹੈ। ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਜੋ ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਨਿਗਰਾਨੀ ਕਮੇਟੀ (ਦਿਸ਼ਾ) ਦੇ ਚੇਅਰਮੈਨ ਵੀ ਹਨ, ਅੱਜ ਇੱਥੇ ਬੱਚਤ ਭਵਨ ਵਿਖੇ ਵੱਖ-ਵੱਖ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਸਪਾਂਸਰਡ ਸਕੀਮਾਂ ਦਾ ਜਾਇਜ਼ਾ ਲੈਣ ਲਈ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ, ਜੀਵਨ ਸਿੰਘ ਸੰਗੋਵਾਲ ਅਤੇ ਰਜਿੰਦਰਪਾਲ ਕੌਰ ਛੀਨਾ, ਮੇਅਰ ਬਲਕਾਰ ਸਿੰਘ ਸੰਧੂ, ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਯਾਦਵਿੰਦਰ ਸਿੰਘ ਜੰਡਿਆਲੀ, ਡਿਪਟੀ ਕਮਿਸ਼ਨਰ ਸੁਰਭੀ ਮਲਿਕ ਤੋਂ ਇਲਾਵਾ ਸਮੂਹ ਸਰਕਾਰੀ ਵਿਭਾਗਾਂ ਦੇ ਮੁਖੀ ਅਤੇ ਹੋਰ ਵੀ ਹਾਜ਼ਰ ਸਨ।

ਰਵਨੀਤ ਸਿੰਘ ਬਿੱਟੂ ਨੇ ਵੱਖ-ਵੱਖ ਸਕੀਮਾਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਕੀਮਾਂ ਬਾਰੇ ਜਾਗਰੂਕਤਾ ਕੈਂਪ ਲਗਾਉਣ ਤਾਂ ਜੋ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਤਹਿਤ ਹੇਠਲੇ ਪੱਧਰ ਤੱਕ ਲੋਕਾਂ ਨੂੰ ਭਰਤੀ ਕੀਤਾ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਕੰਮ ਨੂੰ ਸਮਾਂਬੱਧ ਢੰਗ ਨਾਲ ਨੇਪਰੇ ਚਾੜ੍ਹਨ ਲਈ ਵੀ ਕਿਹਾ।




ਸੰਸਦ ਮੈਂਬਰ ਨੇ ਕਿਹਾ ਕਿ ਸਾਰੇ ਵਿਭਾਗਾਂ ਖਾਸ ਕਰਕੇ ਸਿੱਖਿਆ, ਖੇਤੀਬਾੜੀ, ਸਮਾਜ ਭਲਾਈ, ਸਿਹਤ, ਨਗਰ ਨਿਗਮ, ਜਲ ਸਪਲਾਈ ਅਤੇ ਸੈਨੀਟੇਸ਼ਨ, ਪੇਂਡੂ ਵਿਕਾਸ ਅਤੇ ਹੋਰਾਂ ਨੂੰ ਰੋਜ਼ਾਨਾ ਆਪਣੇ ਦਫ਼ਤਰਾਂ ਵਿੱਚ ਆਉਣ ਵਾਲੇ ਲੋਕਾਂ ਦੀ ਸਹੂਲਤ ਲਈ ਸਰਗਰਮ ਭੂਮਿਕਾ ਨਿਭਾਉਣ ਦੀ ਲੋੜ ਹੈ।

ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਨੇ ਸਰਕਾਰੀ ਸਕੂਲਾਂ ਵਿੱਚ ਮਿਡ ਡੇ ਮੀਲ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਕੁਝ ਸਕੂਲਾਂ ਵਿੱਚ ਮਿਡ ਡੇ ਮੀਲ ਦੀ ਗੁਣਵੱਤਾ ਸਹੀ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਂਗਨਵਾੜੀ ਸੈਂਟਰਾਂ ਦੀ ਸਹੀ ਚੈਕਿੰਗ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਡੀਈਓ ਨੂੰ ਹਦਾਇਤ ਕੀਤੀ ਕਿ ਉਹ ਹਫ਼ਤਾਵਾਰੀ ਆਧਾਰ 'ਤੇ ਅਚਨਚੇਤ ਚੈਕਿੰਗ ਕਰਨ।

ਉਨ੍ਹਾਂ ਕੇਂਦਰ ਸਰਕਾਰ ਵੱਲੋਂ ਐਨਸੀਐਲਪੀ ਸਕੂਲਾਂ ਨੂੰ ਬੰਦ ਕਰਨ ਦਾ ਮੁੱਦਾ ਵੀ ਉਠਾਇਆ ਅਤੇ ਲੁਧਿਆਣਾ ਦੇ ਸੰਸਦ ਮੈਂਬਰ ਨੂੰ ਇਹ ਮੁੱਦਾ ਕੇਂਦਰ ਦੇ ਸਬੰਧਤ ਅਧਿਕਾਰੀਆਂ ਕੋਲ ਉਠਾਉਣ ਦੀ ਅਪੀਲ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਨੂੰ ਬਕਾਇਦਾ ਸਰਕਾਰੀ ਸਕੂਲਾਂ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕੇ।

ਉਨ੍ਹਾਂ ਸਿਵਲ ਸਰਜਨ ਨੂੰ ਜ਼ਿਲ੍ਹੇ ਦੇ ਸਰਕਾਰੀ ਹਸਪਤਾਲਾਂ ਵਿੱਚ ਵਸਨੀਕਾਂ ਨੂੰ ਲੋੜੀਂਦੀਆਂ ਡਾਕਟਰੀ ਸਹੂਲਤਾਂ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ।

ਲੁਧਿਆਣਾ (ਦੱਖਣੀ) ਦੀ ਵਿਧਾਇਕਾ ਰਜਿੰਦਰਪਾਲ ਕੌਰ ਛੀਨਾ ਨੇ ਆਪਣੇ ਹਲਕੇ ਵਿੱਚ ਟੂਟੀ ਦੇ ਪਾਣੀ ਦੀ ਮਾੜੀ ਸਪਲਾਈ ਦਾ ਮੁੱਦਾ ਉਠਾਇਆ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀ ਉਨ੍ਹਾਂ ਦੇ ਹਲਕੇ ਵਿੱਚ ਪੀਣ ਵਾਲੇ ਪਾਣੀ ਨੂੰ ਯਕੀਨੀ ਬਣਾਉਣ। ਡੀਸੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੁਣ ਤੋਂ ਪਾਣੀ ਸਬੰਧੀ ਕੋਈ ਸ਼ਿਕਾਇਤ ਨਾ ਆਵੇ। ਉਨ੍ਹਾਂ ਅਧਿਕਾਰੀਆਂ ਨੂੰ ਸਕੂਲਾਂ ਸਮੇਤ ਜ਼ਿਲ੍ਹੇ ਦੇ ਸਾਰੇ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੇ ਨਿਯਮਤ ਸੈਂਪਲ ਲੈਣ ਦੇ ਵੀ ਨਿਰਦੇਸ਼ ਦਿੱਤੇ।

ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਵੀ ਆਪਣੇ ਹਲਕੇ ਨਾਲ ਸਬੰਧਤ ਕਈ ਮੁੱਦੇ ਉਠਾਏ।

ਮੀਟਿੰਗ ਵਿੱਚ ਮਨਰੇਗਾ, ਧਾਂਦਰਾ ਕਲੱਸਟਰ, ਮਿਡ ਡੇ ਮੀਲ, ਪੀਣ ਯੋਗ ਪਾਣੀ, ਆਂਗਨਵਾੜੀ ਕੇਂਦਰ, ਸਿਹਤ ਵਿਭਾਗ, ਕੋਵਿਡ-19 ਟੀਕਾਕਰਨ, ਪੈਨਸ਼ਨਾਂ ਤੋਂ ਇਲਾਵਾ ਕਈ ਹੋਰ ਮੁੱਦਿਆਂ @ਤੇ ਚਰਚਾ ਕੀਤੀ ਗਈ।

# ਸਵੇਰ ਦੀਆਂ ਰਸਮਾਂ ਜਿਨ੍ਹਾਂ ਦੀ ਸੋਹਾ ਅਲੀ ਖਾਨ ਨੇ ਬਿਹਤਰ ਸਿਹਤ ਲਈ ਸਹੁੰ ਚੁੱਕੀ

**ਚੰਡੀਗੜ੍ਹ/ਲੁਧਿਆਣਾ/ਲੋਕ ਬਾਣੀ**

ਹਰ ਵਧਦੇ ਦਿਨ ਦੇ ਨਾਲ, ਇਹ ਸਮਝਣਾ ਮਹੱਤਵਪੂਰਨ ਹੋ ਗਿਆ ਹੈ ਕਿ ਸਾਡੀ ਪ੍ਰਮੁੱਖ ਤਰਜੀਹ ਆਪਣੇ ਅਜ਼ੀਜ਼ਾਂ ਅਤੇ ਆਪਣੇ ਆਪ ਦੀ ਦੇਖਭਾਲ ਕਰਨਾ ਹੈ । ਵੱਡੇ ਹੁੰਦੇ ਹੋਏ, ਮੇਰੀ ਮਾਂ ਨੇ ਛੋਟੀ ਉਮਰ ਤੋਂ ਹੀ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਨੂੰ ਯਕੀਨੀ ਬਣਾਇਆ ਅਤੇ ਮੈਂ ਕੁਦਰਤੀ ਤੌਰ @ਤੇ ਇੱਕ ਸਿਹਤਮੰਦ ਜੀਵਨ ਸ਼ੈਲੀ ਦੀ ਪਾਲਣਾ ਕਰਨ ਦੀ ਆਦੀ ਹੋ ਗਈ ਹਾਂ । ਮੈਂ ਆਪਣੀ ਧੀ ਲਈ ਵੀ ਇਸ ਦਾ ਪਾਲਣ ਕਰਨਾ ਯਕੀਨੀ ਬਣਾਇਆ, ਕਿਉਂਕਿ ਇਹ ਲੰਬੇ ਸਮੇਂ ਵਿੱਚ ਉਸਦੀ ਮਦਦ ਕਰੇਗਾ । ਮੈਂ ਸਧਾਰਨ ਕਦਮਾਂ ਦੀ ਪਾਲਣਾ ਕਰਦੀ ਹਾਂ, ਜਿਨ੍ਹਾਂ ਨੂੰ ਹਰ ਕਿਸੇ ਲਈ ਗ੍ਰਹਿਣ ਕਰਨਾ ਆਸਾਨ ਹੁੰਦਾ ਹੈ ਅਤੇ ਇਹ ਸੁਨਿਸ਼ਚਿਤ ਕਰਦਾ ਹਾਂ ਕਿ ਇਹਨਾਂ 3-ਸਵੇਰ ਦੀਆਂ ਰਸਮਾਂ ਨੂੰ ਛੱਡਣਾ ਨਹੀਂ ਚਾਹੀਦਾ ਜੋ ਮੈਨੂੰ ਇੱਕ ਬਿਹਤਰ ਕੱਲ੍ਹ ਨੂੰ ਅਗਵਾਈ ਕਰਨ ਵਿੱਚ ਮਦਦ ਕਰਦੀਆਂ ਹਨ ।



ਪੋਸ਼ਣ ਦਾ ਰੋਜ਼ਾਨਾ ਸਰੋਤ, ਬਦਾਮ

ਮੇਰੀ ਹਰ ਸਵੇਰ ਦੀ ਸ਼ੁਰੂਆਤ ਮੁੱਠੀ ਭਰ ਬਦਾਮ ਨਾਲ ਹੁੰਦੀ ਹੈ । ਕਿਉਂਕਿ ਮੈਂ ਸਵੇਰੇ ਕਸਰਤ ਕਰਦੀ ਹਾਂ, ਮੈਂ ਬਦਾਮ ਵਰਗੇ ਸਿਹਤਮੰਦ ਗਿਰੀਦਾਰ ਖਾਣਾ ਯਕੀਨੀ ਬਣਾਉਂਦੀ ਹਾਂ । ਬਦਾਮ ਊਰਜਾ ਪ੍ਰਦਾਨ ਕਰਦੇ ਹਨ ਅਤੇ ਇਨ੍ਹਾਂ ਵਿੱਚ ਸੰਤਿ ?ਪਤ ਕਰਨ ਵਾਲੇ ਗੁਣ ਹੁੰਦੇ ਹਨ ਜੋ ਮੈਨੂੰ ਕਸਰਤ ਦੌਰਾਨ ਊਰਜਾਵਾਨ ਰੱਖਣ ਵਿੱਚ ਮਦਦ ਕਰਦੇ ਹਨ । ਬਦਾਮ 15 ਪੌਸ਼ਟਿਕ ਤੱਤਾਂ ਜਿਵੇਂ ਕਿ ਵਿਟਾਮਿਨ ਈ, ਮੈਗਨੀਸ਼ੀਅਮ, ਪ੍ਰੋਟੀਨ, ਰਿਬੋਫਲੇਵਿਨ, ਜ਼ਿੰਕ, ਆਦਿ ਦੇ ਸਰੋਤ ਵਜੋਂ ਜਾਣੇ ਜਾਂਦੇ ਹਨ । ਬਦਾਮ ਪ੍ਰੋਟੀਨ ਦਾ ਇੱਕ ਭਰਪੂਰ ਸਰੋਤ ਹਨ, ਇੱਕ ਪੌਸ਼ਟਿਕ ਤੱਤ ਜੋ ਨਾ ਸਿਰਫ ਊਰਜਾ ਪੈਦਾ ਕਰਨ ਵਾਲਾ ਹੈ ਸਗੋਂ ਵਿਕਾਸ ਅਤੇ ਮਾਸਪੇਸ਼ੀ ਪੁੰਜ ਦੀ ਸੰਭਾਲ ਵਿੱਚ ਯੋਗਦਾਨ ਪਾਉਣ ਲਈ ਵੀ ਜਾਣਿਆ ਜਾਂਦਾ ਹੈ ।

ਇਸ ਤੋਂ ਇਲਾਵਾ, ਬਦਾਮਾਂ ਵਿੱਚ ਸਿਹਤਮੰਦ ਚਰਬੀ ਅਤੇ ਵਿਟਾਮਿਨ ਈ (ਅਲਫਾ-ਟੋਕੋਫੇਰੋਲ) ਸ਼ਾਮਲ ਹੁੰਦੇ ਹਨ ਜੋ ਕਿ ਬੁਢਾਪੇ ਨੂੰ ਰੋਕਣ ਵਾਲੇ ਗੁਣ ਪ੍ਰਦਾਨ ਕਰਦੇ ਹਨ ਅਤੇ ਚਮੜੀ ਦੀ ਸਿਹਤ ਨੂੰ ਲਾਭ ਪਹੁੰਚਾ ਸਕਦੇ ਹਨ । ਇਸਲਈ, ਬਦਾਮ ਨਾ ਸਿਰਫ ਮੇਰੀ ਫਿਟਨੈਸ ਪ੍ਰਣਾਲੀ ਨੂੰ ਪੂਰਕ ਕਰਨ ਵਿੱਚ ਮਦਦ ਕਰਦੇ ਹਨ ਬਲਕਿ ਇਹ ਆਪਣੇ ਭਰਪੂਰ ਲਾਭਾਂ ਨਾਲ ਮੇਰੀ ਸਕਿਨਕੇਅਰ ਰੁਟੀਨ ਨੂੰ ਵੀ ਬਿਹਤਰ ਬਣਾਉਂਦੇ ਹਨ ।

ਯੋਗਾ ਨਾਲ ਹਰ ਰੋਜ਼ ਮੂਡ ਨੂੰ ਤਰੋ-ਤਾਜ਼ਾ ਕਰਨਾ

ਯੋਗਾ ਲੰਬੇ ਸਮੇਂ ਤੋਂ ਮੇਰੇ ਜੀਵਨ ਦਾ ਅਨਿੱਖੜਵਾਂ ਅੰਗ ਰਿਹਾ ਹੈ । ਖਾਸ ਤੌਰ @ਤੇ ਮੇਰੀ ਗਰਭ ਅਵਸਥਾ ਦੌਰਾਨ ਅਤੇ ਬਾਅਦ ਵਿੱਚ, ਮੈਂ ਇਹ ਯਕੀਨੀ ਬਣਾਇਆ ਕਿ ਮੈਂ ਯੋਗਾ ਨਾਲੋਂ ਮੈਂ ਆਪਣੇ ਆਪ ਨੂੰ ਵੱਖ ਨਾ ਕਰਾਂ, ਇਸ ਲਈ ਮੈਂ ਹਰ ਰੋਜ਼ ਇੱਕ ਘੰਟਾ ਯੋਗਾ ਨੂੰ ਸਮਰਪਿਤ ਕਰਦੀ ਹਾਂ । ਇਸ ਦੇ ਕਈ ਫਾਇਦੇ ਹਨ ਜੋ ਸਾਡੇ ਸਰੀਰ ਨੂੰ ਆਕਾਰ ਵਿੱਚ ਰੱਖਣ ਵਿਚ ਮਦਦ ਕਰਦੇ ਹਨ ਅਤੇ ਸਾਡੇ ਆਲੇ ਦੁਆਲੇ ਦੀ ਆਭਾ ਨੂੰ ਮੁੜ ਸੁਰਜੀਤ ਕਰਦੇ ਹਨ । ਇਸ ਤੋਂ ਇਲਾਵਾ, ਇਹ ਪਿੱਠ ਦੇ ਦਰਦ ਤੋਂ ਰਾਹਤ ਦਿਵਾਉਣ ਵਿਚ ਮਦਦ ਕਰਦਾ ਹੈ, ਸਾਡੇ ਕੋਰ ਨੂੰ ਮਜ਼ਬੂਤ ਕਰਦਾ ਹੈ, ਗਠੀਏ ਦੇ ਲੱਛਣਾਂ ਨੂੰ ਘੱਟ ਕਰਦਾ ਹੈ, ਊਰਜਾ ਨੂੰ ਵਧਾਉਂਦਾ ਹੈ, ਅਤੇ ਸਾਡੇ ਨਰਵਸ ਸਿਸਟਮ ਨੂੰ ਬਿਹਤਰ ਬਣਾਉਂਦਾ ਹੈ ਜੋ ਸਾਨੂੰ ਚੰਗੀ ਨੀਂਦ ਲੈਣ ਵਿੱਚ ਮਦਦ ਕਰਦਾ ਹੈ । ਯੋਗਾ ਤਣਾਅ ਤੋਂ ਛੁਟਕਾਰਾ ਪਾਉਣ ਦਾ ਇੱਕ ਚੰਗਾ ਸਰੋਤ ਹੈ ਅਤੇ ਇੱਕ ਅਰਾਮਦੇਹ ਪਰ ਉਤਸ਼ਾਹੀ ਮੂਡ ਵਾਲਾ ਦਿਨ ਪ੍ਰਦਾਨ ਕਰਦਾ ਹੈ ।

ਕੋਸੇ ਪਾਣੀ ਨਾਲ ਆਪਣੇ ਸਰੀਰ ਨੂੰ ਜ਼ਹਿਰੀਲੇ ਪਦਾਰਥਾਂ ਤੋਂ ਧੋਣਾ

ਮੈਂ ਛੋਟੀ ਉਮਰ ਤੋਂ ਹੀ ਇਸ ਰਸਮ ਦਾ ਪਾਲਣ ਕਰਦਾ ਆ ਰਿਹਾ ਹਾਂ । ਆਪਣੀ ਸਵੇਰ ਦੀ ਸ਼ੁਰੂਆਤ ਕੋਸੇ ਪਾਣੀ ਨਾਲ ਕਰਨਾ ਜ਼ਰੂਰੀ ਹੈ । ਤੁਸੀਂ ਜਾਂ ਤਾਂ ਇੱਕ ਚੁਟਕੀ ਹਲਦੀ ਪਾ ਸਕਦੇ ਹੋ ਜਾਂ ਇਸ ਨੂੰ ਪੌਸ਼ਟਿਕ ਸੁਆਦਾਂ ਨਾਲ ਮਿਲਾਉਣ ਲਈ ਮੇਥੀ ਦਾ ਪਾਣੀ ਪਾ ਸਕਦੇ ਹੋ । ਗਰਮ ਪਾਣੀ ਪੀਣਾ ਤੁਹਾਡੇ ਸਰੀਰ ਵਿੱਚੋਂ ਸਾਰੇ ਜ਼ਹਿਰੀਲੇ ਪਦਾਰਥਾਂ ਨੂੰ ਹਟਾਉਣ ਵਿੱਚ ਮਦਦ ਕਰਦਾ ਹੈ, ਪਾਚਨ ਵਿੱਚ ਸਹਾਇਤਾ ਕਰਦਾ ਹੈ, ਸਾਡੀ ਕੇਂਦਰੀ ਨਸ ਪ੍ਰਣਾਲੀ ਵਿੱਚ ਸੁਧਾਰ ਕਰਦਾ ਹੈ, ਅਤੇ ਤੁਹਾਨੂੰ ਹਾਈਡਰੇਟ ਰੱਖਦਾ ਹੈ । ਇਹ ਤੁਹਾਨੂੰ ਮੌਸਮੀ ਜ਼ੁਕਾਮ ਅਤੇ ਖੰਘ ਤੋਂ ਛੁਟਕਾਰਾ ਦਿਵਾਉਂਦਾ ਹੈ, ਤੁਹਾਡੀ ਚਮੜੀ ਨੂੰ ਸਾਫ ਰੱਖਦਾ ਹੈ, ਅਤੇ ਇਸ ਨੂੰ ਚਮਕ ਦਿੰਦਾ ਹੈ । ਪਰਿਵਾਰ ਦਾ ਹਰ ਮੈਂਬਰ ਆਪਣੇ ਦਿਨ ਦੀ ਸ਼ੁਰੂਆਤ ਕੋਸੇ ਪਾਣੀ ਨਾਲ ਕਰਦਾ ਹੈ । ਇਸ ਆਦਤ ਨੂੰ ਆਪਣੇ ਪਰਿਵਾਰ ਲਈ ਹੁਣ ਤੋਂ ਹੀ ਅਪਣਾਓ । ਤੁਸਿਸ ਇਸ ਵਿੱਚ ਕੁਝ ਨਿੰਬੂ ਪਾ ਕੇ ਵਿਟਾਮਿਨ ਸੀ ਨੂੰ ਵਧਾ ਸਕਦੇ ਹੋ, ਜੋ ਭਾਰ ਘਟਾਉਣ ਵਿੱਚ ਮਦਦ ਕਰ ਸਕਦਾ ਹੈ ।

ਸਵੇਰ ਦੇ ਇਹਨਾਂ ਸਾਧਾਰਨ ਰੁਟੀਨਾਂ ਦਾ ਪਾਲਣ ਕਰਨ ਨਾਲ ਮੈਟਾਬੋਲਿਜ਼ਮ ਨੂੰ ਹੁਲਾਰਾ ਮਿਲੇਗਾ, ਤੁਹਾਡੀ ਇਮਿਊਨਿਟੀ ਮਜ਼ਬੂਤ ਹੋਵੇਗੀ ਅਤੇ ਇੱਕ ਸਿਹਤਮੰਦ ਜੀਵਨ ਸ਼ੈਲੀ ਵਿੱਚ ਮਦਦ ਮਿਲੇਗੀ ।

# ਪਿੰਡ ਬੰਡਾਲਾ ਵਿਖੇ ਸੀ.ਐਂਚ.ਸੀ ਮਾਨਾਂਵਾਲਾ ਵਲੋਂ 75ਵੀਂ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਤਹਿਤ ਲਗਾਇਆ ਗਿਆ ਬਲਾਕ ਪੱਧਰੀ ਸਿਹਤ ਮੇਲਾ





**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ ਤਹਿਤ ਅੱਜ ਦਿਨ ਸੋਮਵਾਰ ਨੂੰ ਕਮਿਊਨਿਟੀ ਹੈਲਥ ਸੈਂਟਰ ,ਮਾਨਾਂਵਾਲਾ ਵਲੋਂ ਪਿੰਡ ਬੰਡਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਇਕ ਵਿਸ਼ਾਲ ਸਿਹਤ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਮੁਖ ਮਹਿਮਾਨ ਸ. ਹਰਭਜਨ ਸਿੰਘ, ਕੈਬਿਨੇਟ ਮੰਤਰੀ ਪੰਜਾਬ ਸਰਕਾਰ ਦੇ ਪ੍ਰਤੀਨਿਧੀ ਸ. ਸੁਖਵਿੰਦਰ ਸਿੰਘ, ਸ. ਸਤਿੰਦਰ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਸਟੇਟ ਜੋਇੰਟ ਸੈਕ੍ਰੇਟਰੀ ਨਰੇਸ਼ ਪਾਠਕ ਅਤੇ ਸਰਬਜੀਤ ਸਿੰਘ ਡਿੰਪੀ ਵਿਸ਼ੇਸ਼ ਮਹਿਮਾਨ ਸਿਵਲ ਸਰਜਨ ਅੰਮ੍ਰਿਤਸਰ ਡਾ ਚਰਨਜੀਤ ਸਿੰਘ, ਸਹਾਇਕ ਸਿਵਲ ਸਰਜਨ ਸ. ਅਮਰਜੀਤ ਸਿੰਘ ਵਿਸ਼ੇਸ਼ ਤੋਰ ਤੇ ਪਹੁੰਚੇ, ਜਿਹਨਾਂ ਵਲੋਂ ਮੇਲੇ ਦਾ ਰਸਮੀ ਉਦਘਾਟਨ ਕੀਤਾ ਗਿਆ ।

ਇਸ ਮੌਕੇ ਆਏ ਹੋਏ ਪਤਵੰਤੇ ਸੱਜਣਾ ਦਾ ਸਨਮਾਨ ਕੀਤਾ ਗਿਆ ਅਤੇ ਕੋਰੋਨਾ ਕਾਲ ਦੌਰਾਨ ਵਧੀਆਂ ਸੇਵਾਵਾਂ ਦੇਣ ਵਾਲੇ ਸਮੂਹ ਕਮਿਊਨਿਟੀ ਹੈਲਥ ਅਫਸਰਾਂ ਨੂੰ ਵੀ ਪ੍ਰਸ਼ੰਸਾ ਪੱਤਰ ਵੰਡੇ ਗਏ । ਇਸ ਮੌਕੇ ਸੰਬੋਧਨ ਕਰਦਿਆਂ ਨਰੇਸ਼ ਪਾਠਕ ਸਟੇਟ ਜੋਇੰਟ ਸੈਕ੍ਰੇਟਰੀ, ਆਮ ਆਦਮੀ ਪਾਰਟੀ ਨੇ ਸਿਹਤ ਵਿਭਾਗ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਹਨਾਂ ਕੋਰੋਨਾ ਯੋਦਿਆਂ ਦੇ ਨਾਲ ਖੜੀ ਹੈ ਅਤੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਵਚਨ ਵੱਧ ਹੈ ਅਤੇ ਸਿਹਤ ਦੇ ਸਮੂਹ ਕਰਮਚਾਰੀ ਆਪਣੀਆਂ ਵਧੀਆਂ ਸੇਵਾਵਾਂ ਨਿਭਾ ਰਹੇ ਹਨ । ਓਹਨਾ ਕਿਹਾ ਕਿ ਸਿਹਤ ਇਕ ਅਜੋਕੇ ਸਮੇਂ ਦੀ ਸਬ ਤੋਂ ਵੱਡੀ ਬੁਨਿਆਦੀ ਜਰੂਰਤ ਅਤੇ ਸਿਹਤ ਬਾਰੇ ਸਿੱਖਿਆ ਦਾ ਹੋਣਾ ਅਤੇ ਵੱਖਵੱਖ ਸਿਹਤ ਸਹੂਲਤਾਂ ਦੀ ਸਹੀ ਜਾਣਕਾਰੀ ਹੋਣਾ ਅਤਿ ਜਰੂਰੀ ਹੈ ।

ਸਿਵਲ ਸਰਜਨ ਡਾ. ਚਰਨਜੀਤ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਦੀ ਟੀਮ ਕੋਵਿਡ ਵੈਕਸੀਨੇਸ਼ਨ ਦੌਰਾਨ ਬਹੁਤ ਸ਼ਾਨਦਾਰ ਕੰਮ ਕੀਤਾ ਹੈ ਅਤੇ ਇਸਨੂੰ ਮੁਕੰਮਲ ਕਰਨ ਲਈ ਹੋਰ ਉਤਸ਼ਾਹਿਤ ਕਰਨ ਦੀ ਪ੍ਰੇਰਨਾ ਦਿਤੀ । ਓਹਨਾ ਕਿਹਾ ਕਿ ਸਿਹਤ ਅਤੇ ਪਰਿਵਾਰ ਭਲਾਈ ਦਾ ਸਮੁਚਾ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਵਧੀਆਂ ਸਿਹਤ ਸੇਵਾਵਾਂ ਦੇਣ ਲਈ ਵਚਨਵੱਧ ਹੈ । ਓਹਨਾ ਕਿਹਾ ਕਿ ਸਿਹਤ ਪ੍ਰਗੋਰਾਮ ਬਾਰੇ ਜਾਗਰੂਕਤਾ ਕਿਸੇ ਵੀ ਸਮਾਜ ਲਈ ਅਤਿ ਜਰੂਰੀ ਹੈ । ਓਹਨਾ ਕਿਹਾ ਸਿਹਤ ਜਾਗਰੂਕਤਾ ਲਈ ਅਜਿਹੇ ਮੇਲੇ ਬਹੁਤ ਹੀ ਲਾਹੇਵੰਧ ਹਨ । ਓਹਨਾ ਜਾਣਕਾਰੀ ਦਿਤੀ ਕਿ ਅੰਮ੍ਰਿਤਸਰ ਜਿਲੇ ਵਿਚ ਮਿਤੀ 18 ਅਪਰੈਲ ਤੋਂ 22 ਅਪਰੈਲ ਤੱਕ ਵੱਖ ਵੱਖ ਸਿਹਤ ਬਲਾਕਾਂ ਵਿੱਚ ਅਜਿਹੇ ਸਿਹਤ ਮੇਲੇ ਲਗਾਏ ਜਾ ਰਹੇ ਹਨ । ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਸੁਮੀਤ ਸਿੰਘ ਜੀ ਆਏ ਹੋਏ ਪਤਵੰਤੇ ਸੱਜਣਾ ਦਾ ਸਨਮਾਨ ਕੀਤਾ ਗਿਆ ।

ਮੇਲੇ ਦੌਰਾਨ 500 ਲੋਕਾਂ ਦੀ ਰਜਿਸਟਰੇਸ਼ਨ ਦੇ ਨਾਲ ਕਮਿਊਨਿਟੀ ਅਧਾਰਿਤ ਮੁਲਾਂਕਣ ਫਾਰਮ ਅਤੇ ਆਨਲਾਈਨ ਹੈਲਥ ਆਈ ਡੀ ਜਨਰੇਟ ਕੀਤੀ ਗਈ, ਇਸ ਮੌਕੇ ਆਯੂਸ਼ਮਾਨ ਭਾਰਤ ਸਰਬਤ ਸਿਹਤ ਬੀਮਾ ਯੋਜਨਾ, ਦਿਵਯਾਂਗ ਲੋਕਾਂ ਦੀ ਯੂ.ਡੀ.ਆਈ.ਡੀ ਕਾਰ ਬਣਵਾਏ ਗਏ, ਇਸ ਮੌਕੇ ਅੱਖਾਂ ਦੀ ਜਾਂਚ, ਦੰਦਾਂ ਦੀ ਜਾਂਚ, ਗੈਰ ਸੰਚਾਰੀ ਰੋਗ ਦੀ ਜਾਂਚ, ਹੋਮਿਓਪੈਥਿਕ ਮੈਡੀਸਿਨ ਦਾ ਵਿਭਾਗ, ਮੁਫ਼ਤ ਲੈਬ ਟੈਸਟ, ਫ੍ਰੀ ਦਵਾਈਆਂ, ਸਿਹਤ ਸਿੱਖਿਆ ਦੇ ਸਟਾਲ ਲਗਾ ਲੋਕਾਂ ਨੂੰ ਮੇਲੇ ਦੌਰਾਨ ਸਿਹਤ ਸਹੂਲਤਾਂ ਦਿਤੀਆਂ ਗਈਆਂ ।

ਇਸ ਮੌਕੇ ਆਈ ਸਰਜਨ ਡਾ. ਮੋਨਾ ਚਤਰਥ, ਹੱਡੀਆਂ ਦੇ ਮਾਹਿਰ ਡਾਕਟਰ ਡਾ ਸੁਨੀਲ ਮਹਾਜਨ, ਡਾ ਰਜਨੀਸ਼ ਕੁਮਾਰ, ਡਾ ਸ਼ੁਭਪ੍ਰੀਤ ਸਿੰਘ, ਡਾ ਹਾਰਮਾਨਿਕ ਸਿੰਘ, ਜਿਲਾ ਡਿਪਟੀ ਮਾਸ ਮੀਡੀਆ ਅਫ਼ਸਰ ਸ.ਅਮਰਦੀਪ ਸਿੰਘ, ਪ੍ਰਿੰਸੀਪਲ ਸ ਦੀਪਇੰਦਰ ਸਿੰਘ ਖਹਿਰਾ, ਪਿੰਡ ਦੇ ਸਰਪੰਚ ਰਾਜਵਿੰਦਰ ਸਿੰਘ, ਲਕਸ਼ਮੀ ਛਾਇਆ ਅਪਥਲਮਿਕ ਅਫਸਰ, ਸੌਰਵ ਸ਼ਰਮਾ ਬਲਾਕ ਏਕ ?ਸਟੈਂਸ਼ਨ ਐਜੂਕੇਟਰ, ਐਸ.ਆਈ ਪ੍ਰਿਤਪਾਲ ਸਿੰਘ, ਐਸ.ਆਈ ਹਰਜਿੰਦਰਪਾਲ ਸਿੰਘ, ਅਜਮੇਰ ਸਿੰਘ, ਬਲਬੀਰ ਸਿੰਘ ਮੱਲੀਆਂ, ਕੰਵਰਦੀਪ ਸਿੰਘ ਮੇਲ ਹੈਲਥ ਵਰਕਰ ਜੰਡਿਆਲਾ, ਸੀ.ਐਚ.ਓ ਜਸਦੀਪਕੌਰ , ਦਵਿੰਦਰ ਕੌਰ, ਵਿੰਦਪਾਲ ਕੌਰ ਸਮੇਤ ਸਮੂਹ ਆਸ਼ਾ ਵਰਕਰ, ਏ.ਐਨ.ਐਮ ਅਤੇ ਵੱਖ ਵੱਖ ਪਿੰਡ ਦੇ ਲੋਕਾਂ ਨੇ ਭਾਗ ਲਿਆ ।

# ਸਰਕਾਰੀ ਹਸਪਤਾਲ ਦੇ ਡਾਕਟਰਾਂ ਦੇ ਪਰਾਈਵੇਟ ਕਲਿੱਨੀਕ ਬੰਦ ਕਰਵਾਏ ਸਰਕਾਰ

**ਕਪੂਰਥਲਾ/ਪਰਮਜੀਤ ਸੰਨੀ:-** ਕਪੂਰਥਲਾ ਸਰਕਾਰੀ ਹਸਪਤਾਲ ਦੇ ਹਰ ਰੋਗ ਦੇ ਡਾਕਟਰਾਂ ਤੇ ਹੋਰ ਵਿਭਾਗਾ ਦੇ ਮੁਲਾਜਮਾ ਵੱਲੋਂ ਸਰੇਆਮ ਲੰਮੇ ਸਮੇ ਤੋ ਚਲਾਏ ਜਾ ਰਹੇ ਪਰਾਈਵੇਟ ਕਲੀਨਿਕ ਤੇ ਲੈਬਾਂਰਟੀਆ ਸਰਕਾਰ ਸਖ਼ਤ ਕਾਰਵਾਈ ਕਰਕੇ ਬੰਦ ਕਰਵਾਏ ਤੇ ਲੋਕਾਂ ਲਈ ਵਧੀਆ ਸਿਹਤ ਸੇਵਾਵਾਂ ਮਹੋਈਆ ਕਰਵਾਏ ਮੁਖ ਮੰਤਰੀ ਪੰਜਾਬ ਤੇ ਸਿਹਤ ਮੰਤਰੀ ਕੋਲੋ ਜ਼ੋਰਦਾਰ ਮੰਗ ਕਰਦਿਆ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਰਾਜਸੀ ਮਾਮਲਿਆ ਪੀ ਏ ਸੀ ਦੇ ਮੇਂਬਰ ਤੇ ਮੁਖ ਬੁਲਾਰੇ ਜਥੇਦਾਰ ਇੰਦਰਜੀਤ ਸਿੰਘ ਜੁਗਨੂੰ ਨੇ ਕਿਹਾ ਕੇ ਸਰਕਾਰ ਦੇ ਹੁਕਮਾਂ ਦੀਆ ਸ਼ਰੇਆਮ ਧਜੀਆ ਉਡਾਦੇ ਹੋਏ ਸਰਕਾਰੀ ਹਸਪਤਾਲ ਦੇ ਕੁਝ ਡਾਕਟਰ ਤੇ ਹੋਰ ਵਿਭਾਗਾ ਵਿਚ ਤੈਨਾਤ ਮੁਲਾਜਮ ਆਪਣੀ ਉੱਚੀ ਸਿਫਾਰਿਸ਼ ਤੇ ਮੁੱਠੀ ਗਰਮ ਕਰਨ ਦੀ ਨੀਤੀ ਸਦਕਾ ਸਰਕਾਰ ਦੇ ਰੂਲਾ ਦੇ ਖਿਲਾਫ਼ ਕਈ ਸਾਲਾ ਤੋ ਇਕੋ ਜਗਾ ਡਿਊਟੀ ਕਰ ਰਹੇ ਹਨ ਅਤੇ ਆਪਣੀ ਡਿਊਟੀ ਦੌਰਾਨ ਵੱਡੀ ਕੋਤਾਹੀ ਵਰਤ ਕੇ ਸ਼ਹਿਰ ਵਿਚ ਆਪਣੇ ਪਰਾਈਵੇਟ ਕਲੀਨਿਕ ਤੇ ਲੈਬਾਰਟੀਆ ਤੇ ਹਸਪਤਾਲ ਚਲਾ ਰਹੇ ਹਨ ਤੇ ਸਰਕਾਰੀ ਹਸਪਤਾਲ ਵਿਚ ਇਲਾਜ ਲਈ ਆਏ ਮਰੀਜਾਂ ਨੂੰ ਖੁਲੇਆਮ ਉਥੇ ਬੁਲਾ ਕਿ ਮਨਮਰਜੀ ਨਾਲ ਮੋਟੀਆ ਫੀਸਾ ਲੈ ਕੇ ਜਿਥੇ ਇਲਾਜ ਕਰ ਰਹੇ ਹਨ ਉਥੇ ਬਾਹਰਲੀਆਂ ਦਵਾਈਆਂ ਲਿਖ ਕਿ ਤੇ ਮਹਿੰਗੇ ਟੈਸਟ ਬਾਹਰੋਂ ਕਰਵਾ ਕੇ ਮੋਟੀਆ ਕਮੀਸਨਾ ਲੈਬਾਂ ਵਾਲਿਆ ਤੇ ਕੈਮੀਸੱਟਾ ਤੋ ਬਟੋਰ ਰਹੇ ਹਨ ਜਥੇਦਾਰ ਜੁਗਨੂੰ ਨੇ ਸਖ਼ਤ ਚੇਤਾਵਨੀ ਦਿੰਦੇ ਹੋਏ ਕਿਹਾ ਕੇ ਜਲਦ ਜੇ ਏ ਗੋਰਖ ਧੰਦਾ ਤੇ ਮਰੀਜਾਂ ਦੀ ਲੁੱਟ ਖਸੁਟ ਬੰਦ ਨਾ ਕੀਤੀ ਗਈ ਤਾ ਜਿਥੇ ਸਬੂਤਾ ਸਮੇਤ ਸਾਰਾ ਕੁਝ ਵਿਜਿਲੈਂਸ ਬਿਊਰੋ ਪੰਜਾਬ ਦੇ ਮੁਖੀ ਮੈਡਮ ਗੁਰਪ੍ਰੀਤ ਦਿਓ ਦੇ ਧਿਆਨ ਵਿਚ ਲਿਓਨਗੇ ਤੇ ਹੋਰ ਵੀ ਖੁਲਾਸੇ ਕਰਨਗੇ ਤੇ ਸਖ਼ਤ ਕਨੂੰਨੀ ਕਾਰਵਾਈ ਦੀ ਮੰਗ ਕਰਨਗੇ।



# ਆਪ ਸਰਕਾਰ ਵਲੋਂ ਫ੍ਰੀ ਬਿਜਲੀ ਦੇਣ ਨੂੰ ਜਿਵੇਂ ਵਰਗਾਂ ਵਿੱਚ ਵੰਡ ਕੀਤੀ ਹੈ, ਉਸ ਨਾਲ ਜਾਤਪਾਤ ਦਾ ਪਾੜਾ ਹੋਰ ਵਧਾਉਣ ਵੱਲ ਕਦਮ ਵਧਾਇਆ

**ਅੰਮ੍ਰਿਤਸਰ/ਰਾਜਾ ਕੋਟਲੀ**

ਪੰਜਾਬ ਸਰਕਾਰ ਵਲੋ ਆਮ ਪਬਲਿਕ ਨੂੰ ਬੁਨਿਆਦੀ ਸਹੂਲਤਾਂ ਦੇਣ ਦੀ ਬਜਾਏ ਜੋਂ ਪਿਛਲੀਆਂ ਸਰਕਾਰਾਂ ਦੀ ਤਰ੍ਹਾ ਫ੍ਰੀ ਬਿਜਲੀ ਅਤੇ ਫ੍ਰੀ ਆਟਾ ਦੇਣ ਵਾਲਾ ਫਾਰਮੂਲਾ ਅਪਣਾਇਆ ਜਾ ਰਿਹਾ ਹੈ, ਉਹ ਕਾਫੀ ਨਿੰਦਣਯੋਗ ਜਿਸ ਨਾਲ ਜਾਤਪਾਤ ਦਾ ਪਾੜਾ ਹੋਰ ਵੀ ਵਧਾਉਣ ਵੱਲ ਨੂੰ ਇਕ ਹੋਰ ਕਦਮ ਵਧਾਇਆ ਗਿਆ ਹੈ ਇਹ ਵਿਚਾਰ ਪ੍ਰੈਸ ਵਾਰਤਾ ਦੌਰਾਨ ਉਘੇ ਸਮਾਜ ਸੇਵੀ ਮਨੋਹਰ ਸਿੰਘ ਰੰਧਾਵਾ ਨੇ ਕਹੇ । ਉਨ੍ਹਾਂ ਕਿਹਾ ਪਿਛਲੇ ਦਿਨੀਂ ਸੂਬੇ ਦੇ ਮਾਣਯੋਗ ਮੁੱਖਮੰਤਰੀ ਸ ਭਗਵੰਤ ਸਿੰਘ ਮਾਨ ਜੀ ਨੇ ਫ੍ਰੀ ਬਿਜਲੀ ਦੇਣ ਦੇ ਪੈਕੇਜ ਦਾ ਐਲਾਨ ਕੀਤਾ ਹੈ ,ਉਸ ਵਿਚ ਬਹੁਤ ਹੀ ਵਿਤਕਰਾ ਪੂਰਨ ਐਲਾਨ ਕੀਤਾ ਗਿਆ ਹੈ ਬਹੁਤ ਹੀ ਨਿੰਦਣਯੋਗ ਹੈ, ਜਿਸ ਵਿਚ ਐਲਾਨ ਕੀਤਾ ਗਿਆ ਹੈ ਕਿ ਜੁਲਾਈ ਮਹੀਨੇ ਤੋਂ 600 ਯੂਨਿਟ ਹਰ ਵਰਗ ਨੂੰ ਫ੍ਰੀ ਦਿੱਤੀ ਜਾਵੇਗੀ ਪਰ ਜੇਕਰ



ਇਹ ਖਪਤ 600 ਯੂਨਿਟ ਤੋਂ ਜਿਆਦਾ ਹੋ ਜਾਂਦੀ ਹੈ ਤਾਂ ਐਸ.ਸੀ.ਐਸ.ਟੀ .ਅਤੇ ਬੀ. ਸੀ. ਵਰਗ ਦੇ ਖਪਤਕਾਰਾਂ ਨੂੰ ਅਗਲੇ ਚਾਲੀ ਯੂਨਿਟ ਤਕ ਕੋਈ ਬਿੱਲ ਨਹੀਂ ਆਵੇਗਾ ਪਰ ਦੂਜੇ ਪਾਸੇ ਜਨਰਲ ਵਰਗ ਨੂੰ ਇਸ ਦੇ ਉਲਟ ਪੂਰਾ ਬਿੱਲ ਅਦਾ ਕਰਨਾ ਪਵੇਗਾ। ਅਸੀਂ ਮੁੱਖ ਮੰਤਰੀ ਸਾਹਿਬ ਕੋਲੋ ਪੁੱਛਣਾ ਚਾਹੁੰਦੇ ਹਾਂ ਕਿ ਕੀ ਜਨਰਲ ਵਰਗ

## ਵੋਟਾਂ ਤੋਂ ਪਹਿਲਾਂ ਫ੍ਰੀ ਬਿਜਲੀ ਦੇ ਫਾਰਮ ਭਰਵਾਉਣ ਵੇਲੇ ਤੇ ਆਮ ਆਦਮੀ ਪਾਰਟੀ ਨੇ ਇਹੋ ਜਿਹੀ ਸ਼ਰਤ ਕਿਉਂ ਨਹੀਂ ਸੀ ਰੱਖੀ ?

ਵਿੱਚ ਗ਼ਰੀਬ ਖਪਤਕਾਰ ਨਹੀਂ। ਮਿਡਲ ਵਰਗ ਹੀ ਹੈ ਜੋ ਕਿ ਇਮਾਨਦਾਰੀ ਨਾਲ ਇਨਕਮ ਟੈਕਸ ਵੀ ਦੇ ਰਿਹਾ ਹੈ ਜਿਸ ਨਾਲ ਦੇਸ਼ ਦੀ ਅਰਥ ਵਿਵਸਥਾ ਚਲ ਰਹੀ ਹੈ ਅਤੇ ਪਬਲਿਕ ਦੀਆਂ ਮੌਲਿਕ ਜਰੂਰਤਾ ਨੂੰ ਪੂਰੀਆਂ ਕਰਨ ਵਿਚ ਮਦਦ ਮਿਲਦੀ ਹੈ, ਉਸੇ ਵਰਗ ਨਾਲ ਪਿਛਲੀਆਂ ਸਰਕਾਰਾਂ ਦੀ ਤਰ੍ਹਾ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਵਿਤਕਰਾ ਕਰ ਰਹੀ ਹੈ, ਕੀ ਜਨਰਲ ਵਰਗ ਵਿੱਚ ਆਮ ਆਦਮੀ ਨਹੀਂ ਹਨ, ਕੀ ਇਹ ਸਰਕਾਰ ਵੀ ਕੁਝ ਖ਼ਾਸ ਵਰਗਾਂ ਦੀ ਸਰਕਾਰ ਬਣ ਕੇ ਰਹਿ ਜਾਵੇਗੀ। ਮੌਜੂਦਾ ਸਰਕਾਰ ਦਾ ਇਹੋ ਜਿਹਾ ਰਵਈਆ ਘਟੀਆ ਸੋਚ ਨੂੰ ਉਜਾਗਰ ਕਰਦਾ ਹੈ। ਇਸ ਨਾਲ ਸੂਬੇ ਵਿਚ ਜਾਤ ਪਾਤ ਦੇ ਪਾੜੇ ਨੂੰ ਵਧਾਉਣ ਦਾ ਕੰਮ ਕਰ ਰਹੀ ਹੈ ਅਤੇ ਇੱਕ ਦੂਜੇ ਪ੍ਰਤੀ ਨਫਰਤ ਦੀ ਅੱਗ ਨੂੰ ਬੁਝਾਉਣ ਦੀ ਵਜਾਏ ਉਸ ਵਿਚ ਤੇਲ ਪਾਉਣ ਦਾ ਕੰਮ ਕਰ ਰਹੀ ਹੈ। ਮਨੋਹਰ ਸਿੰਘ ਰੰਧਾਵਾ ਨੇ ਸੂਬਾ ਸਰਕਾਰ ਕੋਲੋ ਮੰਗ ਕੀਤੀ ਕਿ ਹੈ ਸਰਕਾਰ ਨੂੰ ਸਾਰਿਆਂ ਵਰਗਾਂ ਨੂੰ ਇਕ ਸਮਾਨ ਰੂਪ ਵਿਚ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ, ਫ੍ਰੀ ਦੇਣ ਵਾਲਾ ਏਜੰਡਾ ਛੱਡ ਕੇ ਬਿਜਲੀ ਦੇ ਰੇਟ ਘਟਾਉਣੇ ਚਾਹੀਦੇ ਹਨ ਅਤੇ ਹਰ ਇਕ ਵਰਗ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਮੁੱਹਈਆ ਕਰਵਾਉਣੇ ਚਾਹੀਦੇ ਹਨ ਤਾਂ ਜੋਂ ਉਹ ਵਿਹਲੇ ਰਹਿ ਕੇ ਗ਼ਲਤ ਸੰਗਤ ਵਿੱਚ ਨਾ ਪੈਣ। ਆਪ ਕਮਾ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ।

# ਜ਼ਿਲ੍ਹਾ ਪੱਧਰ ’ਤੇ ਪੈਨਸ਼ਨ ਅਦਾਲਤ 20 ਅਪ੍ਰੈਲ ਨੂੰ ਕਮਰਾ ਨੰਬਰ 417, ਬਲਾਕ ਬੀ, ਤੀਜੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਲੱਗੇਗੀ

**ਗੁਰਦਾਸਪੁਰ/ਨਵਨੀਤ ਕੁਮਾਰ**

ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪੱਧਰ ’ਤੇ ਪੈਨਸ਼ਨ ਅਦਾਲਤ , ਜ਼ਿਲਾ ਸ਼ਿਕਾਇਤ ਨਿਵਾਰਨ ਅਫਸਰ ਗੁਰਦਾਸਪੁਰ ਦੀ ਨਿਗਰਾਨੀ ਹੇਠ 20 ਅਪਰੈਲ 2022 ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤਕ ਕਮਰਾ ਨੰਬਰ 417, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ ਬੀ, ਤੀਜੀ ਮੰਜ਼ਿਲ ਗੁਰਦਾਸਪੁਰ ਵਿਖੇ ਲੱਗੇਗੀ। ਉਨਾਂ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਵਿਭਾਗਾਂ ਤੋਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਨੂੰ ਸੂਚਿਤ ਕਰਦਿਆਂ ਕਿਹਾ ਕਿ ਉਹ ਪੈਨਸ਼ਨ ਸਬੰਧੀ ਆਪਣਾ ਸ਼ਿਕਾਇਤ ਜ਼ਿਲਾ ਪ੍ਰਬੰਧਕੀ ਕੰਪੈਲਕਸ ਬਲਾਕ-ਬੀ, ਕਮਰਾ ਨੰਬਰ 202, ਜ਼ਿਲ੍ਹਾ ਪ੍ਰਬੰਧਕੀ ਕੰਪੈਲਕਸ ਵਿਖੇ ਮਿਤੀ 19-4-2022 ਤਕ ਦੇ ਸਕਦੇ ਹਨ ਤਾਂ ਜੋ ਸ਼ਿਕਾਇਤ ਦੇ ਨਿਪਟਾਰੇ ਲਈ ਸਬੰਧਤ ਵਿਭਾਗ ਦੇ ਮੁਖੀ ਨੂੰ ਬੁਲਾਇਆ ਜਾ ਸਕੇ।

# ਸ਼੍ਰੀ ਹਨੂੰਮਾਨ ਜਨਮਉਤਸਵ ਦੀ ਸ਼ੋਭਾਯਾਤਰਾ ਦੇ ਦੌਰਾਨ ਹੋਇਆ ਪਥਰਾਵ ਚਿੰਤਾ ਦਾ ਵਿਸ਼ਾ

**ਕਪੂਰਥਲਾ/ਪਰਮਜੀਤ ਸੰਨੀ**

ਦਿੱਲੀ ਦੇ ਜਹਾਂਗੀਰਪੁਰੀ ਵਿੱਚ ਸ਼੍ਰੀ ਹਨੂੰਮਾਨ ਜਨਮਉਤਸਵ ਦੀ ਸ਼ੋਭਾਯਾਤਰਾ ਦੇ ਦੌਰਾਨ ਹੋਏ ਪਥਰਾਵ ਦੀ ਸਖਤ ਨਿੰਦਾਕਰਦੇ ਹੋਏ ਭਾਜਪਾ ਜਿਲ੍ਹਾ ਪ੍ਰਧਾਨ ਰਾਜੇਸ਼ ਪਾਸੀ ਨੇ ਕਿਹਾ ਕਿ ਰਾਮ ਨੌਵੀਂ ਦੇ ਦਿਨ ਯੋਜਨਾਬੰਧ ਤਰੀਕੇ ਨਾਲ ਪੱਥਰ ਚਲਾਏ ਗਏ ਹਨ।ਇਸ ਘਟਨਾ ਵਿੱਚ ਵਿਰੋਧੀ ਦਲਾਂ ਦਾ ਵੀ ਹੱਥ ਹੋ ਸਕਦਾ ਹੈ।ਉਨ੍ਹਾਂਨੇ ਅੱਗੇ ਕਿਹਾ ਕਿ ਹਿੰਦੂ-ਮੁਸਲਮਾਨ ਐਕਤਾ ਤੇ ਨੀਬੂ ਨਚੋੜਨ ਦਾ ਕੰਮ ਰਾਜਨੀਤਕ ਦਲ ਕਰ ਰਹੇ ਹਨ।ਪਾਸੀ ਨੇ ਕਿਹਾ ਕਿ ਪੱਥਰ ਸੁੱਟੇ ਜਾ ਰਹੇ ਹਨ ਇਸ ਲਈ ਬੁਲਡੋਜਰ ਚਲਾਇਆ ਜਾ ਰਿਹਾ ਹੈ।ਹੁਣ ਤੱਕ ਕਸ਼ਮੀਰ ਦੇ ਲੋਕਾਂ ਨੂੰ ਪੱਥਰ ਸੁੱਟਦੇ ਹੋਏ ਵੇਖਿਆ ਗਿਆ,ਹੁਣ ਰਾਮ ਨੌਵੀਂ ਦੇ ਦਿਨ ਪੂਰੇ ਦੇਸ਼ ਵਿੱਚ ਪੱਥਰ ਸੁੱਟੋ ਜਾ ਰਹੇ ਹਨ।ਉਨ੍ਹਾਂਨੇ ਕਿਹਾ ਕਿ ਭਾਰਤ ਇੱਕ ਧਰਮਨਿਰਪੱਖ ਦੇਸ਼ ਹੈ,ਜਿੱਥੇ ਸਾਰੇ ਧਰਮਾਂ ਦਾ ਸਦੀਆਂ ਤੋਂ ਪੂਰਾ ਇੱਜ਼ਤ ਸਨਮਾਨ ਹੁੰਦਾ ਰਿਹਾ ਹੈ।ਦੇਸ਼ ਦੀ ਆਜ਼ਾਦੀ ਵਿੱਚ ਵੀ ਸਾਰੇ ਧਰਮਾਂ ਅਤੇ ਸੰਪ੍ਰਦਾਔ ਦੇ ਲੋਕਾਂ ਨੇ ਮਿਲਜੁਲ ਕੇ ਭਾਗ ਲਿਆ ਸੀ,ਪਰ ਦੰਗਾਈਆਂ ਨੂੰ ਇਹ ਗੱਲ ਰਾਸ ਨਹੀਂ ਆ ਰਹੀ।ਇਸ ਲਈ ਉਹ ਧਾਰਮਿਕ ਆਯੋਜਨਾਂ ਦੇ ਦੌਰਾਨ ਸਾਂਪ੍ਰਦਾਇਿਕ ਦੰਗੇ ਭੜਕਾਉਣ ਲਈ ਇਸ ਤਰ੍ਹਾਂ ਦੀ ਕਾਰਵਾਈ ਕਰਦੇ ਹਨ।ਭਾਰਤ ਇੱਕ ਅਜਿਹਾ ਦੇਸ਼ ਹੈ ਜਿੱਥੇ ਸਾਰੇ ਧਰਮਾਂ ਦੇ



ਲੋਕ ਉੱਚਤਮ ਪਦ ਤੇ ਵਿਰਾਜਮਾਨ ਰਹੇ ਹਨ,ਪਰ ਇੱਕ ਡੂੰਘੀ ਸਾਜਿਸ਼ ਦੇ ਤਹਿਤ ਪਹਿਲਾਂ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਇੱਕ ਧਾਰਮਿਕ ਆਯੋਜਨ ਦੇ ਦੌਰਾਨ ਗੜਬੜੀ ਪੈਦਾ ਕਰਣ ਦੀ ਕੋਸ਼ਿਸ਼ ਕੀਤੀ ਗਈ ਅਤੇ ਹੁਣ ਦਿੱਲੀ ਵਿੱਚ ਸ਼੍ਰੀ ਹਨੂੰਮਾਨ ਜਨਮਉਤਸਵ ਦੀ ਸ਼ੋਭਾਯਾਤਰਾ ਦੇ ਦੌਰਾਨ ਪੱਥਰਬਾਜੀ ਕਰਣ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ।ਜਿਸ ਦੌਰਾਨ ਕਈ ਪੁਲਿਸ ਕਰਮਚਾਰੀ ਵੀ ਉਨ੍ਹਾਂ ਦਾ ਸ਼ਿਕਾਰ ਬਣਕੇ ਜਖ਼ਮੀ ਹੋਏ।ਭਗਵਾਨ ਸ਼੍ਰੀ ਹਨੂੰਮਾਨ ਹਮੇਸ਼ਾ ਹੀ ਸ਼ਾਂਤੀ ਦਾ ਸੰਦੇਸ਼ ਦਿੰਦੇ ਰਹੇ ਹਨ ਅਤੇ ਅਜਰ ਅਮਰ ਹਨ।ਦੰਗਾਈਆਂ ਦੇ ਖਿਲਾਫ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਤਾਂਕਿ ਭਵਿੱਖ ਵਿੱਚ ਕੋਈ ਵੀ ਇਸ ਤਰ੍ਹਾਂ ਦੀ ਘਿਨੌਨੀ ਹਰਕੱਤ ਕਰਣ ਦੀ ਕੋਸ਼ਿਸ਼ ਨਾ ਕਰ ਸਕੇ।ਪਾਸੀ ਨੇ ਕਿਹਾ ਕਿ ਜੁੰਮੇ ਦੀ ਨਮਾਜ ਦੇ ਦਿਨ ਮਸਜਿਦ ਤੋਂ ਨਿਕਲਦੇ ਹਨ,ਤਾਂ ਉਨ੍ਹਾਂ ਦੇ ਹੱਥ ਵਿੱਚ ਪੱਥਰ ਹੁੰਦੇ ਹਨ।ਕੀ ਮਸਜਿਦਾਂ ਵਿੱਚ ਪੱਥਰ ਸੁੱਟਣਾ ਸਿਖਾਇਆ ਜਾਂਦਾ ਹੈ।ਉਨ੍ਹਾਂਨੇ ਦਾਅਵਾ ਕਰਦੇ ਹੋਏ ਕਿਹਾ ਕਿ ਹਨੂੰਮਾਨ ਜੀ ਦੇ ਮੰਦਿਰ ਤੋਂ ਨਿਕਲ ਕੇ ਕਿਸੇ ਨੇ ਪੱਥਰ ਨਹੀਂ ਸੁੱਟਿਆ, ਦੁਰਗਾ ਮੰਦਿਰ ਤੋਂ ਨਿਕਲਕੇ ਕਿਸੇ ਨੇ ਪੱਥਰ ਨਹੀਂ ਸੁੱਟਿਆ,ਗੁਰੂਦੁਆਰੇ ਤੋਂ ਨਿਕਲਕੇ ਕਿਸੇ ਨੇ ਪੱਥਰ ਨਹੀਂ ਸੁੱਟਿਆ। ਮੁਸਲਮਾਨਾਂ ਦੇ ਇੱਕ ਵੀ ਤਿਉਹਾਰ ਤੇ ਹਿੰਦੂਆਂ ਨੇ ਪੱਥਰ ਨਹੀਂ ਸੁੱਟਿਆ।ਪਰ ਰਾਮ ਨੌਵੀਂ ਦੇ ਦਿਨ ਪੱਥਰ ਕਿਉਂ ਸੁੱਟੇ ਜਾ ਰਹੇ ਹਨ ?ਪਾਸੀ ਨੇ ਕਿਹਾ,ਜੇਕਰ ਪੱਥਰ ਸੁੱਟੋ ਜਾਣਗੇ ਤਾਂ ਬੁਲਡੋਜਰ ਵੀ ਚੱਲੇਗਾ।ਉਨ੍ਹਾਂਨੇ ਕਿਹਾ ਕਿ ਮੁਸਲਮਾਨ ਭਾਰਤੀ ਜਨਤਾ ਪਾਰਟੀ ਦੇ ਨਾਲ ਖੜਾ ਹੈ।ਕਿਉਂਕਿ ਹਿੰਦੂ-ਮੁਸਲਮਾਨ ਕਰਣਾ ਵਿਰੋਧੀ ਪੱਖ ਦਾ ਕੰਮ ਹੈ।ਉਨ੍ਹਾਂਨੇ ਕਿਹਾ ਕਿ ਮੁਸਲਮਾਨਾਂ ਨੇ ਭਾਜਪਾ ਨੂੰ ਵੋਟ ਦਿੱਤਾ ਹੈ ਉਦੋਂ ਚਾਰ ਸੂਬਿਆਂ ਵਿੱਚ ਭਾਜਪਾ ਦੀ ਸਰਕਾਰ ਬਣੀ ਹੈ।

# ਭਾਰਤੀ ਯੋਗ ਸੰਸਥਾਨ ਚੰਡੀਗੜ੍ਹ ਵੱਲੋਂ ਵਿਸਾਖੀ ਮੌਕੇ ਸੱਭਿਆਚਾਰਕ ਸ਼ਾਮ ਦਾ ਆਯੋਜਨ ਕੀਤਾ ਗਿਆ

**ਚੰਡੀਗੜ੍ਹ/ਲੋਕ ਬਾਣੀ**

ਭਾਰਤੀ ਯੋਗ ਸੰਸਥਾਨ, ਚੰਡੀਗੜ੍ਹ ਵੱਲੋਂ ਬੀਤੀ ਸ਼ਾਮ @ਵਿਸਾਖੀ@ ਮੌਕੇ @ਤੇ ਇੱਕ ਆਨਲਾਈਨ ਸੱਭਿਆਚਾਰਕ ਸਮਾਗਮ ਬੜੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵੱਖ-ਵੱਖ ਸ਼ਹਿਰਾਂ ਅਤੇ ਦੇਸ਼ਾਂ ਦੇ ਲਗਭਗ 50 ਪਰਿਵਾਰਾਂ ਦੇ ਹਰ ਉਮਰ ਵਰਗ ਦੇ ਪ੍ਰਤੀਭਾਗੀਆਂ ਨੇ ਭਾਗ ਲਿਆ।

ਇਸ ਮੌਕੇ ਹਾਜ਼ਰ ਸੰਗਤਾਂ ਨੇ ਵਿਸਾਖੀ ਦੀ ਅਮੀਰ ਪਰੰਪਰਾ ‘ਤੇ ਕਵਿਤਾ, ਗੁਰਬਾਣੀ, ਭਜਨ ਦੀਆਂ ਖ਼ੂਬਸੂਰਤ ਪੇਸ਼ਕਾਰੀਆਂ ਪੇਸ਼ ਕੀਤੀਆਂ । ਇਸ ਪ੍ਰੋਗਰਾਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਜਿੱਥੇ ਇੱਕ ਪਾਸੇ ਨਵੀਂ ਪੀੜ੍ਹੀ ਨੇ ਭੰਗੜੇ ਅਤੇ ਪੱਛਮੀ ਡਾਂਸ ਸਟਾਈਲ ਨਾਲ ਸਭ ਦਾ ਮਨ ਮੋਹ ਲਿਆ, ਉੱਥੇ ਹੀ ਦੂਜੇ ਪਾਸੇ ਸੰਸਥਾ ਦੇ ਸੀਨੀਅਰ ਸਿਟੀਜ਼ਨਾਂ ਨੇ ਗੀਤ, ਡਾਂਸ ਅਤੇ ਕਵਿਤਾਵਾਂ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ। ਪ੍ਰੋਗਰਾਮ ਦੀਆਂ ਵਿਸ਼ੇਸ਼ ਪੇਸ਼ਕਾਰੀਆਂ ਵਿੱਚ ਪੂਜਾ ਨੇਗੀ, ਸਪਨਾ ਨੇਗੀ, ਅਸ਼ੋਕ ਸੇਠੀ, ਸੁਨੀਤਾ ਵਰਮਾ, ਸੇਵਾ ਸਿੰਘ, ਧਰਮ ਸਿੰਘ



ਨੇਗੀ ਅਤੇ ਆਸਟ੍ਰੇਲੀਆ ਤੋਂ ਵੀਨਾ ਵਰਮਾ ਨੇ ਆਪਣੀ ਬਿਹਤਰੀਨ ਪੇਸ਼ਕਾਰੀ ਦਿੱਤੀ।

ਇਸ ਸਮਾਗਮ ਨੂੰ ਸਫਲ ਬਣਾਉਣ ਵਿੱਚ ਭਾਰਤੀ ਯੋਗ ਸੰਸਥਾਨ, ਪੱਛਮੀ ਜਿਲ੍ਹਾ ਚੰਡੀਗੜ੍ਹ ਦੇ ਸਮੂਹ ਅਧਿਕਾਰੀਆਂ ਅਤੇ ਸਾਧਕਾਂ ਅਤੇ ਵਰਕਰਾਂ ਨੇ ਯੋਗਦਾਨ ਪਾਇਆ, ਜਿਸ ਵਿੱਚ ਸ਼੍ਰੀ ਨਿਰਮਲ ਸਿੰਘ, ਸ਼੍ਰੀ ਰਾਧੇ ਕ੍ਰਿਸ਼ਨ ਅਨੇਜਾ, ਸ਼੍ਰੀ ਅਸ਼ੋਕ ਸੇਠੀ, ਸ਼੍ਰੀ ਸਤੀਸ਼ ਸਾਹਨੀ, ਸੁਦੇਸ਼ ਕੁਮਾਰੀ ਅਤੇ ਹੋਰਾਂ ਦਾ ਯੋਗਦਾਨ ਰਿਹਾ ।

# ਜਨਤਾ ਟੈਕਸੀ ਸਟੈਂਡ ਤੇ ਆਮ ਲੋਕਾਂ ਲਈ ਠੰਡੇ ਪਾਣੀ ਦੀ ਟੈਂਕੀ ਲਗਵਾਈ ਗਈ

**ਮਲੋਟ/ਗਿਆਨ ਸਾਹਨੀ**

ਜਨਤਾ ਟੈਕਸੀ ਸਟੈਂਡ ਤੇ ਪ੍ਰਧਾਨ ਮਲਕੀਤ ਸਿੰਘ ਦੀ ਉਦਮ ਸਦਕਾ ਵੱਧ ਰਹੀ ਗਰਮੀਂ ਨੂੰ ਧਿਆਨ ਵਿੱਚ ਰੱਖਦਿਆਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਠੰਢੇ ਪਾਣੀ ਦੀ ਟੈਂਕੀ ਲਗਵਾਈ ਗਈ ਜਿਸ ਦਾ ਉਦਘਾਟਨ ਜਸਮੀਤ ਸਿੰਘ ਪ੍ਰਧਾਨ ਟਰੱਕ ਯੂਨੀਅਨ ਮਲੋਟ ਨੇ ਕਿਤਾ ਇਸ ਮੌਕੇ ਡਾਕਟਰ ਸੁਖਦੇਵ ਸਿੰਘ ਗਿੱਲ, ਸ੍ਰ: ਸੁੱਚਾ ਸਿੰਘ,ਸਮੂਹ ਡਰਾਇਵਰ ਆਦੀ ਹਾਜ਼ਰ ਸਨ।



ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



# ਕਿਡਜ ਕੇਅਰ ਇੰਟਰਨੈਸ਼ਨਲ ਸਕੂਲ ਚ ਦਸਵੀਂ ਜਮਾਤ ਦਾ ਵਿਦਾਇਗੀ ਸਮਾਰੋਹ ਮਨਾਇਆ ਗਿਆ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਅੱਜ ਸਥਾਨਕ ਕਿਡਜ ਕੇਅਰ ਇੰਟਰਨੈਸ਼ਨਲ ਸਕੂਲ ਦੀਨਾਨਗਰ ਦੇ ਵਿਹੜੇ ਵਿੱਚ ਦਸਵੀਂ ਜਮਾਤ ਦਾ ਵਿਦਾਇਗੀ ਸਮਾਰੋਹ ਪ੍ਰਧਾਨ ਸ਼੍ਰੀ ਅਰਵਿੰਦ ਮਹਿਤਾ , ਸੈਕਟਰੀ ਮਧੁਰਭਵਿਸ਼ੀਨੀ , ਮੈਨੇਜਰ ਸ਼ਸ਼ੀਪਾਲ ਗੁਪਤਾ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੇ ਦਸਵੀਂ ਜਮਾਤ ਦੇ ਭੈਣਾਂ-ਭਰਾਵਾਂ ਨੂੰ ਕੁਮੈਂਟ ਅਤੇ ਤੋਹਫ਼ੇ ਦਿੱਤੇ। ਇਸ ਪ੍ਰੋਗਰਾਮ ਵਿੱਚ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਤੋਂ ਬਾਅਦ 10ਵੀਂ ਜਮਾਤ ਦੇ ਵਿਦਿਆਰਥੀਆਂ ਨੇ ਅਧਿਆਪਕਾਂ ਦਾ ਸਨਮਾਨ ਕੀਤਾ ਅਤੇ ਤਾਰੀਫ ਦਿਵਸ ਵਿੱਚ ਤੋਹਫੇ ਭੇਟ ਕੀਤੇ। ਇਸ ਮੌਕੇ ਮੁੱਖ ਮਹਿਮਾਨ ਰੇਣੂ ਕਸ਼ਯਪ ਨੇ ਬੱਚਿਆਂ ਨੂੰ ਜੀਵਨ ਵਿੱਚ ਸਖ਼ਤ ਮਿਹਨਤ ਕਰਨ ਅਤੇ ਪੂਰੀ ਲਗਨ ਨਾਲ ਆਪਣੇ ਟੀਚਿਆਂ ਤੱਕ ਪਹੁੰਚਣ ਦੀ ਕਾਮਨਾ ਕੀਤੀ, ਪ੍ਰਿੰਸੀਪਲ ਪ੍ਰੋਮਿਲਾ ਮਨਹਾਸ ਨੇ ਵੀ ਬੱਚਿਆਂ ਨੂੰ ਵੀ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕਰਨ ਦੀ ਕਾਮਨਾ ਕੀਤੀ। ਵਾਈਸ-ਪ੍ਰਿੰਸੀਪਲ ਦੀਪਸ਼ਰਨ, ਕਾਉਂਸਲਰ ਪਾਇਲ ਸ਼ਰਮਾ ਨੇ ਵੀ ਸਾਰੇ ਬੱਚਿਆਂ ਨੂੰ ਵਧਾਈ ਸੰਦੇਸ਼ ਦਿੱਤਾ। ਚੇਅਰਮੈਨ ਸ਼੍ਰੀ ਅਰਵਿੰਦ ਮਹਿਤਾ ਜੀ ਨੇ ਵੀ ਸਾਰੇ ਬੱਚਿਆਂ ਨੂੰ ਜ਼ਿੰਦਗੀ ਦੇ ਅਗਲੇ ਪੜਾਅ @ਤੇ ਪਹੁੰਚਣ ਦੀ ਕਾਮਨਾ ਕੀਤੀ। ਇਸ ਮੌਕੇ ਤੇ ਸਮੂਹ ਸਟਾਫ ਵੀ ਹਾਜ਼ਰ ਸੀ।

# ਸ਼ਾਂਤੀ ਦੇਵੀ ਕਾਲਜ ਚ ਡਿਗਰੀ ਵੰਡ ਸਮਾਰੋਹ ਦੌਰਾਨ ਵਿਦਿਆਰਥਣਾਂ ਨੂੰ ਵੰਡੀਆਂ ਗਈਆਂ ਡਿਗਰੀਆਂ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸਥਾਨਕ ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ ਚ ਡਿਗਰੀ ਵੰਡ ਸਮਾਰੋਹ ਸੰਪੰਨ ਹੋਇਆ। ਇਹ ਪ੍ਰੋਗਰਾਮ ਅਕਸਰ ਹਰ ਸਾਲ ਕਰਵਾਇਆ ਜਾਂਦਾ ਹੈ ਪਰ ਕਰੋਨਾ ਦੇ ਕਾਰਨ ਪਿਛਲੇ ਦੋ ਸਾਲ ਇਹ ਪ੍ਰੋਗਗਮ ਕਰਵਾਉਣਾ ਮੁਮਕਿਨ ਨਹੀਂ ਸੀ, ਜਿਸ ਕਰਕੇ ਸਾਲ 2019 ਅਤੇ 20 ਦੋ ਸ਼ਾਲਾ ਦੀਆਂ 620 ਵਿਦਿਆਰਥਣਾਂ ਨੂੰ ਡਿਗਰੀਆਂ ਵੰਡੀਆਂ ਗਈਆਂ । ਇਸ ਕਾਨਵੋਕੇਸ਼ਨ ਵਿੱਚ ਅੰਮ੍ਰਿਤਸਰ (ਉੱਤਰੀ ) ਦੇ ਵਿਧਾਇਕ ਅਤੇ ਅਈ.ਪੀ.ਐਸ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ । ਕਾਲਜ ਪ੍ਰਿੰ: ਡਾ. ਰੀਨਾ ਤਲਵਾੜ, ਸੈਕਟਰੀ ਸ਼੍ਰੀ ਧਰਮਇੰਦੂ ਗੁਪਤਾ , ਸ੍ਰੀ ਇੰਦਰ ਗੁਪਤਾ ਅਤੇ ਸ੍ਰੀਮਤੀ ਨਮਿਤਾ ਗੁਪਤਾ ਨੇ ਮੁੱਖ ਮਹਿਮਾਨ ਅਤੇ ਹੋਰ ਮਹਿਮਾਨ ਦਾ ਗੁਲਦਸਤੇ ਦੇ ਕੇ ਸਵਾਗਤ ਕੀਤਾ। ਜੋਤੀ ਜਗਾ ਕੇ, ਪਵਿੱਤਰ ਵੇਦ ਮੰਤਰਾਂ ਦੇ ਉਚਾਰਣ ਨਾਲ ਇਸ ਡਿਗਰੀ ਵੰਡ ਸਮਾਰੋਹ ਦਾ ਆਗਾਜ਼ ਕੀਤਾ ਗਿਆ । ਕਾਲਜ ਪ੍ਰਿੰਸੀਪਲ ਡਾ ਰੀਨਾ ਤਲਵਾੜ ਨੇ ਕਾਲਜ ਦੀ ਸਲਾਨਾ ਰਿਪੋਰਟ ਪੇਸ਼ ਕੀਤੀ। ਇਸ ਮੌਕੇ ਤੇ ਵਿਸ਼ੇਸ਼ ਭਾਸ਼ਣ ਦਿੰਦੇ ਹੋਏ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਬੇਰੁਜ਼ਗਾਰੀ ਪੰਜਾਬ ਦੇ ਨੌਜੁਆਨਾਂ ਵਾਸਤੇ ਗੰਭੀਰ ਮਸਲਾ ਹੈ ਪਰ ਮੌਜੂਦਾ ਸਰਕਾਰ ਨਸ਼ਿਆਂ ਅਤੇ ਬੇਰੁਜ਼ਗਾਰੀ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇਗੀ। ਉਨ੍ਹਾਂ ਕਿਹਾ ਕਿ ਅਜਿਹਾ ਸਮਾਂ ਵੀ ਅਵੇਗਾ, ਜਦੋਂ ਅਸੀਂ ਡਿਗਰੀ ਦੇ ਨਾਲ਼ ਹੀ ਨੌਕਰੀ ਵੀ ਦੇਵਾਂਗੇ । ਉਨਾ? ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਸਾਰੇ ਮਸਲਿਆਂ ਦਾ ਹੱਲ ਜਲਦੀ ਕਰੇਗੀ ਉਨ੍ਹਾਂ ਦੀਨਾਨਗਰ ਏਰੀਏ ਅਤੇ ਇਸ ਸੰਸਥਾ ਦੀ ਤਰੀਫ ਕਰਦੇ ਹੋਏ ਕਿਹਾ ਕਿ ਇਸ ਸੰਸਥਾ ਦਾ ਇਤਿਹਾਸ ਬਹੁਤ ਹੀ ਇਤਿਹਾਸਕ ਰਿਹਾ ਹੈ ।

ਇਸ ਸਮਾਰੋਹ ਦਰਮਿਆਨ ਮੁੱਖ ਮਹਿਮਾਨ , ਕੰਵਰ ਵਿਜੇ ਪ੍ਰਤਾਪ ਸਿੰਘ ਨੂੰ ਕਾਲਜ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਡਾ ਜੀਕੇ ਚੋਹਾਨ, ਕੰਵਰ ਰਵਿੰਦਰ ਸਿੰਘ ਵਿੱਕੀ ਨੂੰ ਵਿਸ਼ੇਸ਼ ਤੌਰ ਤੇ ਸਨਮਨਿਤ ਕੀਤਾ ਗਿਆ । ਇਸ ਮੌਕੇ ਤੇ ਠਾਕੁਰ ਦਵਿੰਦਰ ਸਿੰਘ ਦਰਸ਼ੀ, ਠਾਕੁਰ ਸਾਹਿਬ ਸਿੰਘ, ਨਵਲ ਮਹਾਜਨ ਅਤੇ ਬਿੱਟਾ ਅਤੇ ਕਾਲਜ ਦਾ ਸਮੂਹ ਸਟਾਫ ਵੀ ਹਾਜ਼ਰ ਸੀ।

# ਸਮਰਾਲਾ ਪੁਲਿਸ ਨੇ ਲਾਪਤਾ ਹੋਏ ਦੋ ਬੱਚੇ, ਇੱਕ ਘੰਟੇ ਦੇ ਅੰਦਰ ਲੱਭ ਕੇ ਮਾਪਿਆਂ ਹਵਾਲੇ ਕੀਤੇ

**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਆਮ ਕਰਕੇ ਕਿਹਾ ਜਾਂਦਾ ਹੈ ਕਿ ਪੁਲਿਸ ਘਟਨਾ ਹੋਣ ਤੋਂ ਕਾਫੀ ਦੇਰ ਬਾਅਦ ਪਹੁੰਚਦੀ ਹੈ, ਪ੍ਰੰਤੂ ਅੱਜ ਸਮਰਾਲਾ ਵਿਖੇ ਲਾਪਤਾ ਹੋਏ ਬੱਚਿਆਂ ਨੂੰ ਪੁਲਿਸ ਦੁਆਰਾ ਇੱਕ ਘੰਟੇ ਦੇ ਅੰਦਰ ਅੰਦਰ ਲੱਭ ਕੇ ਉਨ੍ਹਾਂ ਨੂੰ ਮਾਪਿਆ ਹਵਾਲੇ ਕਰ ਦੇਣਾ, ਪੁਲਿਸ ਪ੍ਰਸ਼ਾਸ਼ਨ ਲਈ ਸ਼ਾਬਾਸ਼ੀ ਵਾਲੀ ਗੱਲ ਹੈ। ਜਿਸ ਦੀ ਸਮਰਾਲਾ ਸ਼ਹਿਰ ਵਿੱਚ ਸਮਰਾਲਾ ਪੁਲਿਸ ਦੀ ਪ੍ਰਸੰਸਾ ਹੋ ਰਹੀ ਹੈ। ਥਾਣਾ ਮੁਖੀ ਇੰਸਪੈਕਟਰ ਸੁਰਜੀਤ ਸਿੰਘ ਤੋਂ ਮਿਲੀ ਜਾਣਕਾਰੀ ਮੁਤਾਬਿਕ ਉਨ੍ਹਾਂ ਨੂੰ ਸੋਨਮ ਪਤਨੀ ਸਚਿਨ ਸਾਹਨੀ ਵਾਸੀ ਪੁਰਾਣੀ ਦਾਣਾ ਮੰਡੀ ਸਮਰਾਲਾ ਤੋਂ ਫੋਨ ਆਇਆ ਕਿ ਉਨ੍ਹਾਂ ਦੇ ਦੋ ਬੱਚੇ ਕ੍ਰਿਸ਼ਨ ਉਮਰ 4 ਸਾਲ ਅਤੇ ਲੜਕੀ ਸਾਹਨੀ



ਉਮਰ 2 ਸਾਲ 6 ਮਹੀਨੇ ਆਂਗਨਵਾੜੀ ਸੈਂਟਰ ਸਮਰਾਲਾ ਵਿਖੇ ਪੜ੍ਹਦੇ ਹਨ, ਜੋ ਅੱਜ ਆਂਗਨਵਾੜੀ ਸੈਂਟਰ ਤੋਂ ਘਰ ਵਾਪਸ ਨਹੀਂ ਆਏ। ਜਿਸ ਤੇ ਸਮਰਾਲਾ ਪੁਲਿਸ ਨੇ ਤੁਰੰਤ ਹਰਕਤ ਵਿੱਚ ਆ ਕੇ ਮੁਸ਼ਤੈਦੀ ਨਾਲ ਬੱਚਿਆਂ ਦੀ ਭਾਲ ਸ਼ੁਰੂ ਕੀਤੀ, ਇੱਕ ਘੰਟੇ ਦੇ ਅੰਦਰ ਅੰਦਰ ਦੋਵੇਂ ਬੱਚਿਆਂ ਨੂੰ ਇੱਕ ਡਾਕਟਰ ਦੀ ਦੁਕਾਨ ਜਿੱਥੇ ਦੋਵੇਂ ਬੱਚੇ ਆਪਣੇ ਆਪ ਦੁਕਾਨ ਤੇ ਜਾ ਕੇ ਸੌਂ ਗਏ ਸਨ, ਪੁਲਿਸ ਦੁਆਰਾ ਦੁਕਾਨ ਵਿੱਚੋਂ ਲੱਭ ਕੇ ਉਨ੍ਹਾਂ ਦੇ ਮਾਪਿਆਂ ਹਵਾਲੇ ਕਰ ਦਿੱਤਾ ਗਿਆ। ਇਸ ਮੌਕੇ ਏ. ਐਸ. ਆਈ. ਗੁਰਦੀਪ ਸਿੰਘ ਅਤੇ ਹੋਰ ਪੁਲਿਸ ਮੁਲਾਜਮ ਵੀ ਹਾਜਰ ਸਨ।

# ਸਵੈ-ਰੋਜ਼ਗਾਰ ਕਰਨ ਦੇ ਚਾਹਵਾਨ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਸੰਪਰਕ ਕਰਨ

**ਗੁਰਦਾਸਪੁਰ/ਨਵਨੀਤ ਕੁਮਾਰ:-** ਪੰਜਾਬ ਸਰਕਾਰ ਦੇ ਘਰ-ਘਰ ਰੋਜਗਾਰ ਯੋਜਨਾ ਤਹਿਤ ਜਿੱਥੇ ਨੋਜਵਾਨ ਪ੍ਰਾਰਥੀਆਂ ਨੂੰ ਰੋਜਗਾਰ ਨੂੰ ਰੋਜਗਾਰ ਮੁਹੱਈਆ ਕਰਵਾਈਆਂ ਜਾ ਰਿਹਾ ਹੈ , ਉਧਰ ਦੂਜੇ ਪਾਸੇ ਜਿਹੜੇ ਪ੍ਰਾਰਥੀ ਸਵੈ-ਰੋਜਗਾਰ ਕਰਨ ਦੇ ਲਈ ਲੋਨ ਲੈਣ ਦੇ ਚਾਹਵਾਨ ਹਨ ਉਹਨਾਂ ਨੂੰ ਸਵੈ-ਰੋਜਗਾਰ ਦੀਆਂ ਸਕੀਮਾਂ ਜਿਵੇਂ ਕਿ ਪਸ਼ੂ ਪਾਲਨ, ਬੱਕਰੀ ਪਾਲਨ ਅਤੇ ਡੇਅਰੀ ਦਾ ਕੰਮ ਸ਼ੁਰੂ ਕਰਨ ਲਈ ਲੋਨ ਦਿੱਤੇ ਜਾ ਰਹੇ ਹਨ । ਇਸ ਸਬੰਧ ਵਿੱਚ ਜ਼ਿਲ੍ਹਾ ਰੋਜਗਾਰ ਜਨਰੇਸ਼ਨ ਤੇ ਟ੍ਰੇਨਿੰਗ ਅਪਸਰ, ਪ੍ਰਸ਼ੋਤਮ ਸਿੰਘ ਵਲੋਂ ਦੱਸਿਆ ਗਿਆ ਕਿ ਜਿਹੜੇ ਪ੍ਰਾਰਥੀ ਸਵੈ-ਰੋਜਗਾਰ ਦੇ ਲਈ ਲੋਨ ਲੈ ਕੇ ਆਪਣੇ ਕੰਮ ਦੀ ਸ਼ੁਰੂਆਤ ਕਰਨਾ ਚਾਹੁੰਦਾ ਹੈ, ਉਹ ਪ੍ਰਾਰਥੀ ਪ੍ਰਧਾਨ ਮੰਤਰੀ ਮੁਦਰਾ ਸਕੀਮ ,




ਪ੍ਰਧਾਨ ਮੰਤਰੀ ਰੋਜਗਾਰ ਜਨਰੇਸ਼ਨ ਪ੍ਰੋਗਰਾਮ ਅਤੇ ਸਟੈਂਡ ਅੱਪ ਇੰਡੀਆ ਦੇ ਤਹਿਤ ਆਪਣਾ ਸਵੈ-ਰੋਜਗਾਰ ਕਰਨ ਦੇ ਲਈ ਲੋਨ ਲੈ ਸਕਦੇ ਹਨ । ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿਖੇ ਜਿਹੜੇ ਲੜਕੇ ਅਤੇ ਲੜਕੀਆਂ ਸਵੈ -ਰੋਜਗਾਰ ਦੇ ਲਈ ਲੋਨ ਲੈ ਕੇ ਆਪਣਾ ਸਵੈ-ਰੋਜਗਾਰ ਦਾ ਕੰਮ ਸ਼ੁਰੂ ਕਰਨਾ ਚਾਹੁੰਦੇ ਹਨ ਉਹ ਸਟੈਂਡ ਅੱਪ ਇੰਡੀਆ ਦੇ ਤਹਿਤ ਇਸ ਸੁਨਹਰੀ ਮੌਕੇ ਦਾ ਲਾਭ ਲੈ ਸਕਦੇ ਹਨ ਤੇ ਭਵਿੱਖ ਵਿੱਚ ਸਵੈ -ਰੋਜਗਾਰ ਦਾ ਕੰਮ ਸ਼ੁਰੂ ਕਰਕੇ ਆਤਮ ਨਿਰਭਰ ਬਣ ਸਕਦੇ ਹਨ । ਸਟੈਂਡ ਅੱਪ ਇੰਡੀਆ ਦੇ ਤਹਿਤ ਜਿਹੜੇ ਲੜਕੇ ਅਤੇ ਲੜਕੀਆਂ 18 ਸਾਲ ਤੋਂ ਉੱਪਰ ਹਨ , ਉਹ ਪ੍ਰਾਰਥੀ 10 ਲੱਖ ਤੋਂ ਲੈ ਕੇ 1 ਕਰੋੜ ਰੁਪਏ ਦਾ ਲੋਨ ਲੈ ਕੇ ਮੈਨ ਫੈਕਚਰਿੰਗ ਟਰੇਡਿੰਗ ਅਤੇ ਸਰਵਿਸ ਸੈਕਟਰ ਦੇ ਵਿੱਚ ਸਵੈ-ਰੋਜਗਾਰ ਦਾ ਕੰਮ ਸ਼ੁਰੂ ਕਰ ਸਕਦੇ ਹਨ । ਸਵੈ-ਰੋਜਗਾਰ ਕਰਨ ਦੇ ਚਾਹਵਾਨ ਪ੍ਰਾਰਥੀ ਮਿਤੀ 20 ਅਪ੍ਰੈਲ, 2022 ਨੂੰ ਸਵੇਰੇ 9-00 ਵਜੇ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ , ਗੁਰਦਾਸਪੁਰ ਬੀ-ਬਲਾਕ ਡੀ.ਏ.ਸੀ. ਕੰਪਲੈਕਸ ਕਮਰਾ ਨੰਬਰ 217 ਵਿਖੇ ਪਹੁੰਚ ਕਰਕੇ ਮੌਕੇ ਤੇ ਆਪਣਾ ਲੋਨ ਫਾਰਮ ਭਰ ਸਕਦੇ ਹਨ ।

## ਜਿਲੇ ਦੀਆਂ ਦਾਣਾ ਮੰਡੀਆਂ ਵਿਚ ਕਣਕ ਦੀ ਖਰੀਦ-ਚੁਕਾਈ ਵਿਚ ਆਈ ਹੋਰ ਤੇਜ਼ੀ- 83 ਫੀਸਦ ਫਸਲ ਦੀ ਹੋਈ ਲਿਫਟਿੰਗ

**ਗੁਰਦਾਸਪੁਰ/ਨਵਨੀਤ ਕੁਮਾਰ**

ਜ਼ਿਲੇ ਦੀਆਂ ਦਾਣਾ ਮੰਡੀਆਂ ਵਿਚ ਕਣਕ ਦੀ ਖਰੀਦ ਤੇ ਚੁਕਾਈ ਪ੍ਰਕਿਰਿਆ ਨਿਰਵਿਘਨ ਕੀਤੀ ਜਾ ਰਹੀ ਹੈ ਤੇ 125354 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲਾ ਫੂਡ ਸਪਲਾਈ ਤੇ ਕੰਟਰੋਲਰ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੰਡੀਆਂ ਵਿਚ ਕਣਕ ਦੀ ਖਰੀਦ ਤੇ ਚੁਕਾਈ ਨੂੰ ਨਾਲ-ਨਾਲੋ ਯਕੀਨੀ ਬਣਾਇਆ ਗਿਆ ਹੈ। ਉਨਾਂ ਅੱਗੇ ਦੱਸਿਆ ਕਿ ਜ਼ਿਲੇ ਵਿਚ 137108 ਮੀਟਰਕ ਟਨ (17 ਅਪ੍ਰੈਲ ਤਕ) ਕਣਕ ਦੀ ਆਮਦ ਹੋਈ ਸੀ , ਜਿਸ ਵਿਚੋਂ 125354 ਖਰੀਦ ਕਰ ਲਈ ਗਈ ਹੈ। ਪਨਗਰੇਨ ਵਲੋਂ 38667, ਮਾਰਕਫੈੱਡ ਵਲੋਂ 30087, ਪਨਸਪ ਵਲੋਂ 24170, ਵੇਅਰਹਾਊਸ ਵਲੋਂ 19937, ਐਫ.ਸੀ.ਆਈ ਵਲੋਂ 9582 ਤੇ ਟਰੇਡਰਜ਼ ਵਲੋਂ 2911 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਮੰਡੀਆਂ ਵਿਚ 83 ਫੀਸਦ ਕਣਕ ਦੀ ਲਿਫਟਿੰਗ ਅਤੇ ਕਿਸਾਨਾਂ ਨੂੰ 76.81 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨਾਂ ਅੱਗੇ ਦੱਸਿਆ ਕਿ ਡਿਪਟੀ ਕਮਿਸ਼ਨਰ ਵਲੋਂ ਦਿੱਤੇ ਗਏ ਆਦੇਸ਼ਾਂ ਤਹਿਤ ਕਣਕ ਦੀ ਲਿਫਟਿੰਗ ਵੱਲ ਵਿਸ਼ੇਸ ਤਵੱਜੋ ਦਿੱਤੀ ਜਾ ਰਹੀ ਹੈ ਅਤੇ ਨਾਲ ਹੀ ਫਸਲ ਦੀ ਅਦਾਇਗੀ ਕਿਸਾਨਾਂ ਨੂੰ ਨਿਸ਼ਚਿਤ ਸਮੇਂ ਅੰਦਰ ਦੇਣ ਨੂੰ ਯਕੀਨੀ ਬਣਾਇਆ ਗਿਆ ਹੈ।

# ਵਿਜੀਲੈਂਸ ਬਿਊਰੋ ਵਲੋ 50.000 ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ਾ ਤਾਹਿਤ ਆਈ.ਟੀ.ਆਈ ਦਾ ਪ੍ਰਿੰਸੀਪਲ ਗ੍ਰਿਫਤਾਰ



**ਐੱਸ.ਏ.ਐੱਸ. ਨਗਰ/ਲੋਕ ਬਾਣੀ:-** ਪੰਜਾਬ ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਵਿਜੀਲੈਂਸ ਬਿਊਰੋ ਦੀ ਟੀਮ ਵਲੋਂ ਅੱਜ ਸਰਕਾਰੀ ਆਈ.ਟੀ.ਆਈ. ਫੇਜ਼-5 ਦੇ ਪ੍ਰਿੰਸੀਪਲ ਨੂੰ ਰਿਸ਼ਵਤ ਮੰਗਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਹੈ।ਗ੍ਰਿਫਤਾਰ ਪ੍ਰਿੰਸੀਪਲ ਦੀ ਪਛਾਣ ਸ਼ਮਸ਼ੇਰ ਸਿੰਘ ਪੁਰਖਾਲਵੀ ਵਜੋਂ ਹੋਈ ਹੈ। ਵਿਜੀਲੈਂਸ ਨੇ ਦਾਅਵਾ ਕੀਤਾ ਹੈ ਕਿ, ਪ੍ਰਿੰਸੀਪਲ ਸ਼ਮਸ਼ੇਰ ਸਿੰਘ ਵੱਲੋਂ ਇੰਸਪੈਕਟਰ ਦੀ ਨੌਕਰੀ ਦੇਣ ਦੇ ਲਈ ਹਰਦੀਪ ਸਿੰਘ ਨਾਂਅ ਦੇ ਵਿਅਕਤੀ ਕੋਲੋਂ 50 ਹਜ਼ਾਰ ਰੁਪਏ ਦੀ ਰਿਸ਼ਵਤ ਮੰਗੀ ਸੀ। ਜਾਣਕਾਰੀ ਲਈ ਦੱਸ ਦਈਏ ਕਿ, ਸ਼ਿਕਾਇਤ ਕਰਤਾ ਹਰਦੀਪ ਸਿੰਘ ਵਲੋਂ ਰਿਸ਼ਵਤ ਮੰਗਣ ਵਾਲੇ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਦੀ ਰਿਸ਼ਵਤ ਮੰਗਦਿਆਂ ਦੀ ਵੀਡੀਓ ਬਣਾ ਕੇ ਭਗਵੰਤ ਮਾਨ ਸਰਕਾਰ ਦੇ Whatsapp 'ਤੇ ਭੇਜ ਦਿੱਤੀ। ਵੀਡੀਓ ਮਿਲਣ ਬਾਅਦ ਵਿਜੀਲੈਂਸ ਟੀਮ ਵਲੋਂ ਕਾਰਵਾਈ ਕਰਦੇ ਹੋਏ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਵਿਜੀਲੈਂਸ ਮੁਤਾਬਕ ਮੁਲਜ਼ਮ ਸ਼ਮਸ਼ੇਰ ਸਿੰਘ ਪੁਰਖਾਲਵੀ ਨੂੰ ਮੰਗਲਵਾਰ ਨੂੰ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ।

# ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ ਖੰਡ ਮਿੱਲ ਵਿਖੇ 14 ਮੈਗਾਵਾਟ ਕੋ-ਜਨਰੇਸ਼ਨ ਪ੍ਰੋਜੈਕਟ ਲਗਾਉਣ ਦੀ ਸ਼ੁਰੂਆਤ ਕੀਤੀ





**ਬਟਾਲਾ/ਸੁਖਨਾਮ ਸਿੰਘ**

ਪੰਜਾਬ ਸਰਕਾਰ ਵੱਲੋਂ ਸਹਿਕਾਰੀ ਖੰਡ ਮਿੱਲ ਬਟਾਲਾ ਦੀ ਸਮਰੱਥਾ 3500 ਟੀਸੀਡੀ ਤੋਂ ਵਧਾ ਕੇ 5000 ਟੀਸੀਡੀ ਤੱਕ ਵੱਧਣਯੋਗ ਕਰਨ ਸਮੇਤ 14 ਮੈਗਾਵਾਟ ਕੋ-ਜਨਰੇਸ਼ਨ ਪ੍ਰੋਜੈਕਟ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ, ਜਿਸਦੀ ਟਰਬਾਈਨ ਲਗਾਉਣ ਦੀ ਸ਼ੁਭ ਸ਼ੁਰੂਆਤ ਅੱਜ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਸ੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਕੀਤੀ ਗਈ। ਖੰਡ ਮਿੱਲ ਵਿੱਚ ਟਰਬਾਈਨ ਲਗਾਉਣ ਲਈ ਵਿਧਾਇਕ ਸ੍ਰੀ ਸ਼ੈਰੀ ਕਲਸੀ ਅਤੇ ਮਿੱਲ ਮੈਨੇਜਮੈਂਟ ਵੱਲੋਂ ਭੂਮੀ ਪੂਜਨ ਕੀਤਾ ਗਿਆ। ਕੋ-ਜਨਰੇਸ਼ਨ ਪਲਾਂਟ ਲਗਾਉਣ ਦੀ ਅਰੰਭਤਾ ਕਰਦਿਆਂ ਬਟਾਲਾ ਦੇ ਵਿਧਾਇਕ ਸ੍ਰੀ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਖੰਡ ਮਿੱਲ ਦੀ ਸਮਰੱਥਾ ਵਧਣ ਅਤੇ ਕੋ-ਜਨਰੇਸ਼ਨ ਪਲਾਂਟ ਲੱਗਣ ਨਾਲ ਇਲਾਕੇ ਦੇ ਕਿਸਾਨਾਂ ਨੂੰ ਬਹੁਤ ਵੱਡਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਟਾਲਾ ਖੰਡ ਮਿੱਲ ਦੇ 1500 ਟੀਸੀਡੀ ਦੇ ਪੁਰਾਣੇ ਪਲਾਂਟ ਦੀ ਥਾਂ ਨਵੀਂ ਤਕਨੀਕ ਵਾਲਾ 3500 ਟੀਸੀਡੀ ਦਾ ਨਵਾਂ ਸ਼ੂਗਰ ਪਲਾਂਟ ਲਗਾਇਆ ਜਾ ਰਿਹਾ ਹੈ ਜਿਸ ਨੂੰ ਭਵਿੱਖ ਵਿੱਚ 5000 ਟੀਸੀਡੀ ਤੱਕ ਵਧਾਇਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਮਿੱਲ ਵਿੱਚ 14 ਮੈਗਾਵਾਟ ਦਾ ਕੋ-ਜਨ ਪ੍ਰੋਜੈਕਟ ਲਗਾਉਣ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ ਜੋ ਜਲਦੀ ਹੀ ਮੁਕੰਮਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਬਟਾਲਾ ਸਹਿਕਾਰੀ ਖੰਡ ਮਿੱਲ ਦੀ ਸਮਰੱਥਾ ਵਧਣ ਨਾਲ ਕਿਸਾਨ ਗੰਨੇ ਦੀ ਫਸਲ ਦੀ ਵੱਧ ਕਾਸ਼ਤ ਕਰਨਗੇ ਜਿਸ ਨਾਲ ਉਨ੍ਹਾਂ ਦੀ ਆਰਥਿਕ ਹਾਲਤ ਮਜਬੂਤ ਹੋਵੇਗੀ ਅਤੇ ਨਵਾਂ ਪਲਾਂਟ ਲੱਗਣ ਨਾਲ ਇਲਾਕੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਉਨ੍ਹਾਂ ਗੰਨਾ ਕਾਸ਼ਤਕਾਰਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਹੁਤ ਜਲਦੀ ਕਿਸਾਨ ਭਰਾਵਾਂ ਦੇ ਗੰਨੇ ਦੀ ਬਕਾਇਆ ਰਾਸ਼ੀ ਦੀ ਅਦਾਇਗੀ ਵੀ ਕੀਤੀ ਜਾ ਰਹੀ ਹੈ। ਪਲਾਂਟ ਲਗਾਉਣ ਵਾਲੀ ਫਰਮ ਮੈਸ. ਐੱਸ.ਐੱਸ. ਇੰਜੀਨੀਅਰਜ਼ ਪੂਨੇ ਦੇ ਡਾਇਰੈਕਟਰ ਸ੍ਰੀ ਐੱਸ.ਐੱਸ. ਬੱਧ ਵੱਲੋਂ ਦੱਸਿਆ ਗਿਆ ਕਿ ਇਹ ਪਲਾਂਟ ਲਗਭਗ 15 ਮਹੀਨਿਆਂ ਵਿੱਚ ਲੱਗਕੇ ਤਿਆਰ ਹੋ ਜਾਵੇਗਾ ਜਿਸ ਵਿੱਚ ਉੱਚ ਪੱਧਰ ਦੀ ਆਧੁਨਿਕ ਮਸ਼ੀਨਰੀ ਲਗਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਵਿੱਚ ਡਬਲ ਰੀਫਾਈਨਰੀ ਅਤੇ ਫਾਰਮਾ ਸ਼ੂਗਰ ਦਾ ਉਤਪਾਦਨ ਹੋਵੇਗਾ, ਜਿਸ ਦੀ ਵਰਤੋਂ ਗੁਲੀਕੋਜ਼, ਦਵਾਈਆਂ ਅਤੇ ਹੋਰ ਪ੍ਰੋਡਕਟਸ ਆਦਿ ਵਿੱਚ ਕੀਤੀ ਜਾਵੇਗੀ। ਮਿੱਲ ਦੇ ਜਨਰਲ ਮੈਨੇਜਰ ਡਾ. ਐੱਸ.ਪੀ. ਸਿੰਘ ਨੇ ਦੱਸਿਆ ਕਿ ਬਟਾਲਾ ਖੰਡ ਮਿੱਲ ਵਿੱਚ 3500 ਟੀਸੀਡੀ ਸਮਰੱਥਾ ਦਾ ਆਧੁਨਿਕ ਤਕਨੀਕ ਦਾ ਨਵਾਂ ਸ਼ੂਗਰ ਪਲਾਂਟ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਫਾਰਮਾ ਗਰੇਡ ਦੀ ਖੰਡ ਦਾ ਉਤਪਾਦਨ ਕੀਤਾ ਜਾਵੇਗਾ ਜੋ ਕਿ ਮਾਰਕਿਟ ਵਿੱਚ ਮੌਜੂਦਾ ਖੰਡ ਦੇ ਰੇਟਾਂ ਦੇ ਮੁਕਾਬਲੇ ਲਗਭਗ ਦੁਗਣੇ ਰੇਟਾਂ (70-100 ਰੁਪਏ ਪ੍ਰਤੀ ਕਿਲੋਗ੍ਰਾਂਮ) 'ਤੇ ਵਿਕੇਗੀ। ਇਸ ਤੋਂ ਇਲਾਵਾ ਕੋ-ਜਨਰੇਸ਼ਨ ਪ੍ਰੋਜੈਕਟ ਤੋਂ ਪੈਦਾ ਹੋਣ ਵਾਲੀ 14 ਮੈਗਾਵਾਟ ਬਿਜਲੀ ਵਿਚੋਂ 5 ਮੈਗਾਵਾਟ ਬਿਜਲੀ ਮਿੱਲ ਵੱਲੋਂ ਵਰਤੀ ਜਾਵੇਗੀ ਅਤੇ 9 ਮੈਗਾਵਾਟ ਸਰਕਾਰੀ ਗ੍ਰਿਡ ਨੂੰ ਵੇਚੀ ਜਾਵੇਗੀ ਜਿਸ ਨਾਲ ਮਿੱਲ ਨੂੰ ਵਾਧੂ ਵਿੱਤੀ ਲਾਭ ਹੋਵੇਗਾ ਅਤੇ ਮਿੱਲ ਆਪਣੇ ਪੱਧਰ 'ਤੇ ਕਿਸਾਨਾਂ ਨੂੰ ਗੰਨੇ ਦੀ ਕੀਮਤ ਦੀ ਅਦਾਇਗੀ ਕਰਨ ਦੇ ਸਮਰੱਥ ਹੋ ਸਕੇਗੀ।

ਇਸ ਮੌਕੇ ਸਹਿਕਾਰੀ ਖੰਡ ਮਿੱਲ ਬਟਾਲਾ ਦੇ ਬੋਰਡ ਆਫ ਡਾਇਰੈਕਟਰਜ਼ ਦੇ ਚੇਅਰਮੈਨ ਸ. ਸੁਖਵਿੰਦਰ ਸਿੰਘ ਕਾਹਲੋਂ, ਸ. ਬੇਅੰਤ ਸਿੰਘ ਵੜੈਚ ਵਾਈਸ ਚੇਅਰਮੈਨ, ਗੁਰਵਿੰਦਰਪਾਲ ਸਿੰਘ ਕਾਹਲੋਂ, ਗੁਰਬਚਨ ਸਿੰਘ ਬਾਜਵਾ, ਸਵਿੰਦਰ ਸਿੰਘ ਰੰਧਾਵਾ, ਸ੍ਰੀਮਤੀ ਬਲਵਿੰਦਰ ਕੌਰ (ਸਾਰੇ ਡਾਇਰੈਕਟਰ), ਅਰਵਿੰਦਰਪਾਲ ਸਿੰਘ ਕੈਰੋਂ ਸੀਸੀਡੀਓ, ਚੀਫ ਇੰਜੀਨੀਅਰ ਕਿਰਨਦੀਪ ਕੌਰ ਬੋਪਾਰਾਏ, ਚੀਫ ਕੈਮਿਸ਼ਟ ਖੁਸ਼ੀ ਰਾਮ, ਅਰਵਿੰਦਰ ਸਿੰਘ ਲੇਖਾਕਾਰ, ਨੈਸ਼ਨਲ ਐਵਾਰਡੀ ਸਰਪੰਚ ਪੰਥਦੀਪ ਸਿੰਘ ਛੀਨਾ, ਸਲਵਿੰਦਰ ਸਿੰਘ ਰੰਧਾਵਾ ਸੁਪਰਡੈਂਟ, ਲਖਵਿੰਦਰ ਸਿੰਘ ਪ੍ਰਧਾਨ ਮਿੱਲ ਵਰਕਰਜ਼ ਯੂਨੀਅਨ, ਪਰਮਜੀਤ ਸਿੰਘ ਬਾਜਵਾ, ਮਾਣਕ ਮਹਿਤਾ, ਉਪਦੇਸ਼ ਕੁਮਾਰ, ਮਿੱਲ ਦੇ ਸਮੂਹ ਕਰਮਚਾਰੀ ਅਤੇ ਇਲਾਕੇ ਦੇ ਕਿਸਾਨ ਭਰਾ ਹਾਜ਼ਰ ਸਨ।

# ਬਿਲਕੁਲ ਟੁੱਟ ਚੁੱਕੀ ਹੈ ਗੋਲੇ ਵਾਲਾ ਤੋਂ ਡੱਲੇ ਵਾਲਾ, ਸਾਧਾਂ ਵਾਲਾ ਚੁੱਘੇ ਵਾਲਾ ਵਾਲੀ ਸੜਕ ਫ਼ਰੀਦਕੋਟ ਪ੍ਰਸ਼ਾਸਨ ਇਸ ਵੱਲ ਦੇਵੇ ਧਿਆਨ





**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਫਰੀਦਕੋਟ ਤੋਂ ਨੇੜਲੇ ਪਿੰਡ ਗੋਲੇ ਵਾਲਾ ਤੋਂ ਜੋ ਲਿੰਕ ਸੜਕ ਪਿੰਡ ਡੱਲੇ ਵਾਲਾ,ਪੱਖੀ ਖਰੁਦ,ਘੋਨੀ ਵਾਲਾ,ਖਿਲਚੀਆ, ਸਾਧਾਂ ਵਾਲਾ ਅਤੇ ਚੁੱਘੇ ਵਾਲਾ ਤੋਂ ਹੁੰਦੀ ਹੋਈ ਅੱਗੇ ਫਿਰੋਜ਼ਪੁਰ, ਮੁਕਤਸਰ ਸਾਹਿਬ ਜੀ,ਕੀ,ਰੋੜ ਨਾਲ ਜੋੜਦੀ ਹੈ ਇਹ ਸਾਰੀ ਸੜਕ ਟੁੱਟ ਕੇ ਬਿਲਕੁਲ ਖਤਮ ਹੋ ਚੁੱਕੀ ਹੈ ਇਹਨਾ ਪਿੰਡਾਂ ਦੇ ਲੋਕਾਂ ਨੇ ਕਈ ਵਾਰ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਸ਼ਾਸਨ ਦੇ ਧਿਆਨ ਵਿੱਚ ਇਹ ਸੜਕ ਬਣਾਉਣ ਬਾਰੇ ਲਿਆਂਦਾ ਹੈ ਪਰ ਅੱਜ ਤੱਕ ਕਿਸੇ ਨੇ ਇਸ ਸੜਕ ਦੀ ਸਾਰ ਨਹੀਂ ਲਈ। ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਕਿਸੇ ਅਣਸੁਖਾਵੀਂ ਘਟਨਾ ਦੀ ਉਡੀਕ ਵਿੱਚ ਬੈਠਾ ਕਿ ਜਦੋਂ ਕੋਈ ਘਟਨਾ ਵਾਪਰਦੀ ਹੈ ਤਾਂ ਫਿਰ ਹੀ ਸੜਕ ਬਣਾਵਾਂਗੇ। ਪਿੰਡ ਸਾਧਾਂ ਵਾਲਾ ਤੋਂ ਲੈਕੇ ਸਾਰੇ ਪਿੰਡਾਂ ਦੇ ਬੱਚੇ ਇਸੇ ਸੜਕ ਤੋਂ ਲੰਘ ਕੇ ਪੜ੍ਹਨ ਲਈ 8,10ਕਿਲੋਮੀਟਰ ਗੋਲੇ ਵਾਲਾ ਵਿਖੇ ਆਉਂਦੇ ਹਨ ਸੜਕ ਟੁੱਟੀ ਹੋਣ ਕਰਕੇ ਕਈ ਵਾਰ ਲੋਕਾਂ ਦੀਆਂ ਗੱਡੀਆਂ ਅਤੇ ਟਰੈਕਟਰਾ ਦੇ ਐਕਸੀਡੈਂਟ ਵੀ ਹੋ ਚੁੱਕੇ ਹਨ ਜਦੋਂ ਕੋਈ ਕਿਸੇ ਮਰੀਜ਼ ਨੂੰ ਸ਼ਹਿਰ ਲੈ ਕੇ ਜਾਣਾ ਪੈਂਦਾ ਹੈ ਤਾਂ ਸੜਕ ਟੁੱਟੀ ਹੋਣ ਕਰਕੇ ਵਹੀਕਲਾਂ ਨੂੰ ਹਸਪਤਾਲ ਜਾਣ ਤਕ ਕਾਫ਼ੀ ਸਮਾਂ ਲੱਗ ਜਾਂਦਾ ਹੈ ਕਈ ਵਾਰੀ ਤਾਂ ਕਈਆਂ ਮਰੀਜਾਂ ਦਾ ਰਸਤੇ ਵਿੱਚ ਹੀ ਨੁਕਸਾਨ ਹੋ ਜਾਂਦਾ ਹੈ ਸਮੂਚੇ ਇਲਾਕਾ ਨਿਵਾਸੀਆਂ ਵੱਲੋਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਲਦੀ ਤੋਂ ਜਲਦੀ ਇਸ ਸੜਕ ਵੱਲ ਧਿਆਨ ਦਿੱਤਾ ਜਾਵੇ।

# ਵਾਹਿਗੁਰੂ ਸਿੰਘ ਕਾਬਲਵਾਲਾ ਜੋ ਕਿ ਕਾਫੀ ਸਮੇਂ ਤੋਂ ਸਮਾਜ ਸੇਵੀ ਕੰਮਾਂ ਅਤੇ ਅਗਾਂਹ ਵਧੂ ਕਿਸਾਨਾਂ ਚੋ ਨਾ ਦਾਖ਼ਲ ਕਰਾਉਣ ਚੋ ਹੋਇਆ ਸ਼ਾਮਲ



**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਪ੍ਰਮਾਤਮਾ ਦੀ ਕਿਰਪਾ ਨਾਲ ਜੋ ਵੀ ਸਮਾਜ ਸੇਵੀ ਸੰਸਥਾ ਜਾਂ ਕੋਈ ਹੋਰ ਵੀ ਸਮਾਜਿਕ ਉੱਦਮੀ ਵਿਅਕਤੀ ਲੋੜਵੰਦ ਪਰਿਵਾਰਾਂ ਦੀ ਮੱਦਦ ਲਈ ਅੱਗੇ ਹੁੰਦੇ ਹਨ ਜਿਵੇਂ ਕਿ ਕਿਸੇ ਲੋੜਵੰਦ ਪਰਿਵਾਰ ਦੇ ਕਮਰੇ ਦੀ ਛੱਤ ਪਾਉਣੀ ਜਾਂ ਲੋੜਵੰਦ ਲੜਕੀ ਦੀ ਸ਼ਾਦੀ ਤੇ ਸਾਮਾਨ ਦੇਣਾ ਜਾਂ ਕੋਈ ਬਿਮਾਰ ਵਿਅਕਤੀ ਦੀ ਮਦਦ ਕਰਨੀ ਜਾਂ ਕੋਈ ਹੋਰ ਕਿਸੇ ਵੀ ਕਿਸਮ ਦੀ ਲੋੜਵੰਦ ਪਰਿਵਾਰਾਂ ਦੀ ਮੱਦਦ ਕਰਨ ਲਈ ਅੱਗੇ ਆਉਂਦੇ ਹਨ ਉਨ੍ਹਾਂ ਚ ਵਾਹਿਗੁਰੂ ਸਿੰਘ ਕਾਬਲਵਾਲਾ ਜੋ ਕਿ ਕਾਫ਼ੀ ਲੰਮੇ ਸਮੇਂ ਤੋਂ ਬਹੁਤ ਹੀ ਸ਼ਲਾਘਾਯੋਗ ਕਦਮ ਕੰਮ ਕਰਦੇ ਆ ਰਹੇ ਹਨ ਲੋੜਵੰਦ ਪਰਿਵਾਰਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਦੇ ਹਨ ਅਤੇ ਹਰੇਕ ਲੋੜਵੰਦ ਦੀ ਕਿਸੇ ਵੀ ਕਿਸਮ ਦੀ ਮਦਦ ਲਈ ਅੱਗੇ ਆਉਂਦੇ ਹਨ ਵਾਹਿਗੁਰੂ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਹੈ ਕਿ ਉਨ੍ਹਾਂ ਦੇ ਦਾਦਾ ਜੀ ਅਤੇ ਉਨ੍ਹਾਂ ਦੇ ਪਿਤਾ ਜੀ ਇਸ ਸੇਵਾ ਦੇ ਲਗਨ ਵਿੱਚ ਬਹੁਤ ਹੀ ਕਾਫੀ ਸਮਾਂ ਬਿਤਾਇਆ ਅਤੇ ਉਨ੍ਹਾਂ ਦੀ ਲਗਨ ਦੇ ਸਦਕਾ ਹੀ ਹੁਣ ਮੈਨੂੰ ਵੀ ਪ੍ਰਮਾਤਮਾ ਨੇ ਸੇਵਾ ਦਾ ਮੌਕਾ ਬਖ਼ਸ਼ਿਆ ਹੈ ਅਤੇ ਪ੍ਰਮਾਤਮਾ ਨੇ ਬਹੁਤ ਕੁਝ ਦਿੱਤਾ ਹੈ ਅਤੇ ਸਾਡਾ ਗਰੁੱਪ ਲੋੜਵੰਦਾਂ ਦੀ ਮਦਦ ਲਈ ਹਮੇਸ਼ਾਂ ਤਿਆਰ ਪਰ ਤਿਆਰ ਰਹਿੰਦਾ ਹੈ ਪ੍ਰਮਾਤਮਾ ਨੇ ਸਾਨੂੰ ਪਹਿਲਾਂ ਹੀ ਮਿਸ਼ਨਰੀਆਂ ਦੀ ਮਿਹਰ ਸੀ ਅਤੇ ਪ੍ਰਮਾਤਮਾ ਦੀ ਕਿਰਪਾ ਨਾਲ ਚੜ੍ਹਦੀ ਕਲਾ ਸੀ ਉਸ ਤੋਂ ਵੀ ਵੱਧ ਸਾਨੂੰ ਹੁਣ ਪ੍ਰਮਾਤਮਾ ਨੇ ਦੋ ਹੋਰ ਟਰੈਕਟਰਾਂ ਦੀ ਮਿਹਰ ਕੀਤੀ ਹੈ ਅਤੇ ਇਕ ਵੱਡੀ ਟੈਂਕੀ ਪਾਣੀ ਵਾਲੀ ਵੀ ਲਿਆਂਦੀ ਹੈ ਜੋ ਕੇ ਕੱਚੇ ਰਸਤਿਆਂ ਚ ਪਾਣੀ ਛਿੜਕਣਾ ਜਾਂ ਕੋਈ ਹੋਰ ਦਰੱਖਤਾਂ ਨੂੰ ਪਾਣੀ ਪਾਉਣਾ ਅਤੇ ਜਾਂ ਕਿਸੇ ਨੂੰ ਪਾਣੀ ਵਾਲੀ ਟੈਂਕੀ ਦੀ ਲੋੜ ਹੋਵੇ ਲੋੜਵੰਦ ਸਾਡੇ ਨਾਲ ਸੰਪਰਕ ਕਾਰਨ ਅਸੀਂ ਉਨ੍ਹਾਂ ਦੀ ਮਦਦ ਲਈ ਹਮੇਸ਼ਾ ਤਿਆਰ ਹਾਂ ਇਸ ਮੋਕੇ ਬਰਾੜ ਸਾਧਾਂਵਾਲਾ ਨੇ ਵਾਹਿਗੁਰੂ ਸਿੰਘ ਨੂੰ ਇਸ ਸ਼ਲਾਘਾਯੋਗ ਕੰਮ ਕਰਨ ਤੇ ਬਹੁਤ ਬਹੁਤ ਧੰਨਵਾਦ ਕੀਤਾ ਅਤੇ ਮੁਬਾਰਕਾਂ ਦਿੱਤੀਆਂ ਅਤੇ ਹਮੇਸ਼ਾ ਹੀ ਪ੍ਰਮਾਤਮਾ ਇਨ੍ਹਾਂ ਨੂੰ ਅਤੇ ਇਨ੍ਹਾਂ ਦੇ ਪਰਿਵਾਰ ਨੂੰ ਅਤੇ ਮਸ਼ੀਨਰੀਆਂ ਨੂੰ ਹਮੇਸ਼ਾਂ ਚੜ੍ਹਦੀ ਕਲਾ ਰੱਖੇ ਤਰੱਕੀਆਂ ਬਖਸ਼ੇ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ (ਰਜਿ) ਮਲੋਟ ਦੀ ਮੀਟਿੰਗ ਆਯੋਜਿਤ



**ਮਲੋਟ/ਗਿਆਨ ਸਾਹਨੀ**

ਅੱਜ ਪੰਜਾਬ ਗੌਰਮਿੰਟ ਪੈਨਸ਼ਨਰਜ ਐਸੋਸੀਏਸ਼ਨ (ਰਜਿ) ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਹੈਡਕੁਆਟਰ ਮਲੋਟ ਦੀ ਮੀਟਿੰਗ ਸ਼੍ਰੀ ਮਹਾਂਵੀਰ ਪ੍ਰਸ਼ਾਦ ਸ਼ਰਮਾ ਦੀ ਪ੍ਰਧਾਨਗੀ ਹੇਠ ਸਭਾ ਦੇ ਦਫ਼ਤਰ ਵਿਖੇ ਹੋਈ। ਮੀਟਿੰਗ ਵਿੱਚ ਕਾਰਜਕਾਰਨੀ ਵੱਲੋਂ ਸਰਬ ਸੰਮਤੀ ਨਾਲ ਮਤੇ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰਜ ਨੂੰ ਛੇਵਾਂ ਪੇ ਕਮਿਸ਼ਨ ਵੱਲੋਂ ਦਿੱਤੇ 2.59 ਦੇ ਗੁਣਾਨ ਨੂੰ ਲਾਗੂ ਕੀਤਾ ਜਾਵੇ 1.1.2016 ਤੋਂ 30.6.2016 ਤੱਕ ਦਾ ਬਕਾਇਆ ਕਿਸ਼ਤ ਵਿੱਚ ਦਿੱਤਾ ਜਾਵੇ, ਪਿਛਲੇ ਡੀ.ਏ ਦਾ ਬਕਾਇਆ, ਰਹਿੰਦੀਆਂ 6% ਡੀ.ਏ ਦੀਆਂ ਕਿਸ਼ਤਾਂ ਲਾਗੂ ਕੀਤੀਆਂ ਜਾਣ। ਪੁਰਾਣੀਆਂ ਹੈਲਥ ਸਕੀਮਾਂ ਕੁਝ ਸੋਧਾਂ ਉਪਰੰਤ ਲਾਗੂ ਕੀਤੀਆਂ ਜਾਣ। 1.1.16 ਤੋਂ ਬਾਅਦ ਰਿਟਾਇਰ ਹੋਏ ਪੈਨਸ਼ਨਰਜ ਦੀਆਂ ਪੈਨਸ਼ਨਾਂ ਸੋਧ ਕੇ ਲਾਗੂ ਕੀਤੀਆਂ ਜਾਣ। ਪੀ.ਐਨ.ਬੀ ਬੈਂਕ ਵੱਲੋਂ ਪੈਨਸ਼ਨਰਜ ਨੂੰ ਪੈਨਸ਼ਨ ਸੋਧ ਵਿੱਚ ਖਰਾਬ ਕੀਤਾ ਜਾ ਰਿਹਾ ਹੈ, ਇਸ ਦੀ ਨਿਖੇਧੀ ਕੀਤੀ ਗਈ। ਪੰਜਾਬ ਸਰਕਾਰ ਵੱਲੋਂ 300 ਯੂਨਿਟ ਬਿਜਲੀ ਸਭ ਨੂੰ ਮੁਫ਼ਤ ਦੇਣ ਦੇ ਵਾਅਦੇ ਨੂੰ ਅਧੂਰੇ ਰੂਪ ਵਿੱਚ ਲਾਗੂ ਕਰਨ ਦੀ ਵੀ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ ਸਰਣਜੀਤ ਸਿੰਘ, ਬਾਬੂ ਰਾਮ, ਨੱਥਾ ਸਿੰਘ, ਵੀਰੂ ਰਾਮ, ਮਹਿੰਦਰ ਸਿੰਘ, ਆਦਿ ਮੌਜੂਦ ਸਨ।